7 3-5-68

੧ੳ ਸਤਿਗੁਰ ਪ੍ਰਸਾਦਿ ॥

ਕਹਹੁ ਕੈਹਨੁ ਭਇਉ ਸਬਦ ਗੁਰ ਸ੍ਰਵਣਹਿ ਸੁਣਿਉ ।

Tract. No. 7

ਖਾਲਸੇ ਦਾ ਵਿਕਾਸ

ਗੁਰੂ ਨਾਨਕ ਮਿਸ਼ਨ ਲੜੀ ਦੇ

ਸਤਵੇਂ ਟ੍ਰੈਕਟ ਦੀ

(ਦੂਜੀ ਐਡੀਸ਼ਨ)

ਮੂਲ ੨੫ ਪੈਸੇ

੧ ਸ੍ਰੀ ਗੁਰੂ ਨਾਨਕ ਸਤਿ ਸੰਗ ਸਭਾ, ਵਿਲਕਿਨਸਨ ਰੋਡ, ਸਿੰਗਾਪੁਰ

੨ ਸਿਖ ਨੌਜਵਾਨ ਸਭਾ ਮਲਾਏਸ਼ੀਆ, ਤਨਜੰਗ ਮਾਲਮ, ਪਿਰਾਕ, ਮਲਾਏਸ਼ੀਆ

੩ ਸ: ਸ਼ਮਸ਼ੇਰ ਸਿੰਘ ਜਾਇੰਟ ਡਾਇਰੈਕਟਰ ਰਾਜਸਥਾਨ (ਰੀਟਾਇਰਡ),
ਸ੍ਰੀ ਗੰਗਾ ਨਗਰ।

੪ ਗੁਰਮਤਿ ਪ੍ਰਚਾਰ ਸਭਾ, ਗੋਬਿੰਦ ਨਗਰ, ਡੇਹਰਾਦੂਨ

੫ ਸਾਧ ਸੰਗਤ ਕਾਲਕਾ ਰਾਹੀਂ, ਗਿ: ਅਛਰ ਸਿੰਘ, ਕਾਲਕਾ

ਬੁਨਿਆਦ

ਗੁਰੂ ਨਾਨਕ ਮਿਸ਼ਨ ਵਲੋਂ ਪ੍ਰਕਾਸ਼ਤ ਹੋਏ ਟ੍ਰੈਕਟਾਂ "ਕ੍ਰਾਂਤੀਕਾਰ ਗੁਰੂ ਨਾਨਕ" ਅਤੇ "ਮਰਦ ਅਗੰਮੜਾ" ਵਿਚ ਅਸੀਂ ਦਸ ਚੁਕੇ ਹਾਂ ਕਿ ਭਾਂਤ ਭਾਂਤ ਦੇ ਕਰਮ ਕਾਂਡ ਅਤੇ ਸ਼ੱਰੀਅਤ ਦੇ ਭਰਮਾਂ ਵਿਚ ਉਲਝੇ ਭਾਰਤ ਵਾਸੀਆਂ ਲਈ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦਾ ਮਿਸ਼ਨ ਵਡੀ ਕ੍ਰਾਂਤੀ ਲਿਆਉਣ ਵਾਲਾ ਅੰਦੋਲਨ ਸੀ, ਜਿਸ ਨੇ ਨ ਕੇਵਲ ਭਾਰਤ ਦੀ ਧਾਰਮਕ, ਸਮਾਜਿਕ ਤੇ ਰਾਜਨੀਤਕ ਸਥਿਤੀ ਨੂੰ ਬਦਲ ਦੇਣ ਦਾ ਸਾਧਨ ਕੀਤਾ, ਸਗੋਂ ਭਾਰਤ ਦੀ ਪਰਚਲਤ ਵਿਚਾਰ ਧਾਰਾ ਲਈ ਨਵੀਆਂ ਲੀਹਾਂ ਉਲੀਕ ਦਿਤੀਆਂ। ਉਸ ਸਮੇਂ ਦਾ ਭਾਰਤ ਦੋ ਉਘੇ ਧਰਮਾਂ-ਹਿੰਦੂ ਤੇ ਮੁਸਲਮਾਨ ਵਿਚ ਵੰਡਿਆ ਹੋਇਆ ਸੀ, ਗੁਰੂ ਜੀ ਨੇ 'ਨ ਹਿੰਦੂ ਨ ਮੁਸਲਮਾਨ' ਦਾ ਇਨਕਲਾਬੀ ਨਾਹਰਾ ਲਗਾ ਕੇ ਦੋਹਾਂ ਨੂੰ ਨਿਸਚੈ ਕਰਾਉਣ ਦਾ ਜਤਨ ਕੀਤਾ ਕਿ ਉਨ੍ਹਾਂ ਦਾ ਅਸਲਾ ਨ ਹਿੰਦੂ ਹੈ, ਨ ਮੁਸਲਮਾਨ ਬਲਕਿ ਦੋਨੋਂ ਮਨੁਖ ਹਨ।

ਕੋਊ ਭਯੋ ਮੁੰਡੀਆਂ ਸੰਨਿਆਸੀ ਕੋਊ ਜੋਗੀ ਭਯੋ,
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ।
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ,
ਮਾਨਸ ਕੀ ਜ਼ਾਤ ਸਬੈ ਏਕੈ ਪਹਿਚਾਨਬੋ।

ਪਾ: ੧੦

ਦੋਨਾਂ ਦਾ ਸਿਰਜਨਹਾਰ ਤੇ ਪਰਵਰਦਗਾਰ ਭੀ ਇਕੋ ਕਰਤਾ ਪੁਰਖ ਹੈ ਜਿਸ ਨੂੰ ਕੋਈ ਅੱਲਾ ਤੇ ਕੋਈ ਰਾਮ ਕਹਿੰਦਾ ਹੈ।

'ਨ ਹਮ ਹਿੰਦੂ ਨ ਮੁਸਲਮਾਨ–ਅਲਾਹ ਰਾਮ ਕੇ ਪਿੰਡ ਪਰਾਨ' ਮਹਲਾ ੫

ਅਤੇ ਉਸ ਇਕੋ ਅਲਾਹ ਰਾਮ ਦੇ ਪੂਜਾ ਅਸਥਾਨ ਅਤੇ ਪੂਜਾ ਢੰਗ ਭੀ ਇਕ ਸਮਾਨ ਹਨ:—

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਹੀ,
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ।
ਅਲਾਹ ਅਭੇਖ ਸੋਈ ਪੁਰਾਨ ਔ ਕੁਰਾਨ ਓਹੀ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।

ਪਾ. ੧੦

ਇਹ Fatherhood of God and Brotherhood of Man—'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਸੰਦੇਸ਼ ਗੁਰੂ ਸਾਹਿਬਾਨ ਨੇ ਉਨ੍ਹਾਂ ਲੋਕਾਂ ਨੂੰ ਦਿਤਾ ਜੋ ਅਸਲੀਅਤ ਨੂੰ ਭੁੱਲ ਕੇ ਇਕ ਦੂਜੇ ਦੇ ਲਹੂ ਦੇ ਤਿਹਾਏ ਹੋ ਚੁਕੇ ਸਨ :

ਸੱਚ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਹਮਣ ਮਉਲਾਣੇ।

ਭਾਈ ਗੁਰਦਾਸ

ਬਲਕਿ ਇਕ ਅੱਲਾ ਅਤੇ ਇਕੋ ਰਸੂਲ ਅੱਲਾ ਉਤੇ ਭਰੋਸਾ ਰਖਣ ਵਾਲੇ ਮੁਸਲਮਾਨ ਬਹੱਤਰ ਫਿਰਕਿਆਂ ਵਿਚ ਵੰਡੇ ਹੋਏ ਸਨ ਅਤੇ ਹਿੰਦੂ ਲੇਬਲ ਲਗਾਏ ਹੋਏ ਬੰਦਿਆਂ ਦੀ ਅਪਨੀ ਗਿਣਤੀ ਸ਼ਾਇਦ ਉਤਨੀ ਨਹੀਂ ਸੀ ਜਿਤਨੀ ਉਨ੍ਹਾਂ ਦੇ ਪੂਜਯ ਦੇਵੀ ਦੇਵਤਿਆਂ ਦੀ ਸੀ। ਸ਼ਾਇਦ ਹਿੰਦੂ ਮਤ ਦੇ ਅਜੇਹੇ ਧਰਮ ਵਿਸ਼ਵਾਸ਼ ਤੋਂ ਪ੍ਰਭਾਵਤ ਹੋ ਕੇ ਹੀ ਭਾਰਤ ਦੇ ਰਾਸ਼ਟਰ ਪਤੀ ਡਾਕਟਰ ਐਸ. ਰਾਧਾ ਕ੍ਰਿਸ਼ਨਨ ਨੇ ਹਿੰਦੂ ਧਰਮ ਨੂੰ 'a name without content, a museum of beliefs, a medley of rites' (ਨਿਰਾਰਥਕ ਸੰਗਿਆ, ਵਿਸ਼ਵਾਸਾਂ ਦੀ ਚਿੱਤਰਸ਼ਾਲਾ, ਰਸਮਾਂ ਰੀਤਾਂ ਦਾ ਗੋਰਖ ਧੰਦਾ) ਕਿਹਾ ਸੀ।

ਅਜੇਹੇ ਧਰਮ ਵਿਸ਼ਵਾਸਾਂ ਵਾਲੇ ਵਾਤਾ-ਵਰਣ ਵਿਚ ਉਚੀ ਕੁਲ ਦੇ ਹਿੰਦੂ ਘਰਾਣੇ

ਅੰਦਰ ਪੈਦਾ ਹੋਏ ਗੁਰੂ ਨਾਨਕ ਲਈ 'ਨ ਹਿੰਦੂ ਨ ਮੁਸਲਮਾਨ' ਦਾ ਨਾਹਰਾ ਦੇਸ਼ ਦੇ ਸਮਾਜ ਵਿਰੁਧ ਇਕ ਵਡੀ ਬਗਾਵਤ ਸੀ। ਇਹ ਨਾਹਰਾ ਲਾਉਣ ਤੋਂ ਪਹਿਲੇਂ ਆਪ ਨੇ ਜਾਂਚ ਲਿਆ ਸੀ ਕਿ ਭਾਰਤੀ ਧਰਮ ਵਿਚਾਰ ਦੀ ਤਾਣੀ ਇਤਨੀ ਉਲਝ ਚੁਕੀ ਸੀ ਕਿ ਇਸ ਨੂੰ ਸੁਲਝਾ ਸਕਨਾ ਕਿਸੇ ਤਰ੍ਹਾਂ ਭੀ ਸੰਭਵ ਨਹੀਂ ਸੀ। ਆਪ ਤੋਂ ਪਹਿਲੋਂ ਆਉਣ ਵਾਲੇ ਸ੍ਰੀ ਰਾਮਾ ਨੁਜ, ਸ੍ਰੀ ਜੈ ਦੇਵ, ਸ੍ਰੀ ਨਾਮਦੇਵ, ਸ੍ਰੀ ਰਾਮਾ ਨੰਦ ਸ੍ਰੀ ਕਬੀਰ ਅਤੇ ਬਾਬਾ ਫਰੀਦ ਆਦਿ ਮਹਾਂ ਪੁਰਖਾਂ ਦੀਆਂ ਜੀਵਨੀਆਂ ਆਪ ਦੇ ਸਾਹਮਣੇ ਸਨ, ਆਪ ਵੇਖ ਚੁਕੇ ਸਨ ਕਿ ਇਨਾ ਮਹਾਂਪੁਰਖਾਂ ਵਲੋਂ ਭਾਰਤੀ ਸਮਾਜ ਸੁਧਾਰ ਹਿਤ ਕੀਤੇ ਜਤਨ ਬ੍ਰਾਹਮਣੀ ਵਰਨ ਵੰਡ ਅਤੇ ਸ਼ਰ੍ਹਾ ਸ਼ਰੀਅਤ ਦੀਆਂ ਪਥਰੀਲੀਆਂ ਕੰਧਾਂ ਨੂੰ ਤੋੜ ਸੁਟਨ ਵਿਚ ਇਤਨੇ ਸਫਲ ਨਹੀਂ ਹੋਏ ਸਨ ਅਤੇ ਨ ਭਗਤੀ ਤੇ ਸੂਫੀ ਲਹਿਰ ਦੀਆਂ ਮਿੱਠੀਆਂ ੨ ਚੋਭਾਂ ਕਰਮ ਕਾਂਡ ਤੇ ਸ਼ਰੀਅਤ ਦੇ ਪੀਢੇ ਜਾਲ ਨੂੰ ਛਿੱਦਾ ਕਰ ਸਕੀਆਂ ਸਨ। ਬ੍ਰਾਹਮਣੀ ਪ੍ਰਭਾਵ ਦਾ ਤਣਾਂ ਇਤਨਾ ਸਕੀਲ ਤੇ ਕਾਠਾ ਹੋ ਚੁਕਿਆ ਸੀ ਕਿ ਕਿਸੇ ਸੁਧਾਰਕ ਲਹਿਰ ਜਾਂ ਵਿਅਕਤੀ ਦਾ ਪੈਵੰਦ ਇਸ ਉਤੇ ਚੜ੍ਹ ਸਕਨਾ ਸੰਭਵ ਨਹੀਂ ਸੀ। ਨਾ ਕਬੀਰ ਜੀ ਦੇ ਕਠੋਰ ਬਚਨ, ਨ ਫਰੀਦ ਦਾ ਵੈਰਾਗ ਅਤੇ ਨ ਰਾਮਾ ਨੰਦ ਆਦਿ ਸੰਤਾਂ ਦੇ ਗਿਆਨ ਵਿਚਾਰ ਕੋਈ ਬਹੁਤੀ ਕਾਟ ਕਰ ਸਕੇ, ਕਿਉਂਕਿ ਇਨਾਂ ਸਭ ਦਾ ਇਕ ਸੁਧਾਰਕ ਵਾਲਾ ਰੋਲ ਸੀ, ਜਦੋਂ ਕਿ ਸਮਾਜ ਦੀ ਕਰਮ ਕਾਂਡੀ ਸਥਿਤੀ ਸੁਧਾਰ ਦਾ ਅਸਰ ਕਬੂਲਨ ਤੋਂ ਬਹੁਤ ਅਗੇ ਜਾ ਚੁਕੀ ਸੀ। ਅਗਰ ਕਿਸੇ ਸੁਧਾਰਕ ਦਾ ਥੋੜਾ ਬਹੁਤ ਅਸਰ ਹੁੰਦਾ ਵੀ ਸੀ ਤਾਂ ਉਹ ਉਸ ਸੁਧਾਰਕ ਦੇ ਜੀਵਨ ਪਰਯੰਤ ਹੀ ਰਹਿੰਦਾ ਸੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਦੇ ਪਹਿਲੇ ਸਤਾਈ ਸਾਲ ਸਮਾਜ ਦੀ ਇਸ ਦਸ਼ਾ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ। ਉਪ੍ਰੰਤ ਤਿੰਨ ਦਿਨ ਲਗਾਤਾਰ ਕਰਤਾ ਪੁਰਖ ਦੀ ਅਨੰਤਤਾ ਵਿਚ ਲਿਵ ਲੀਨ ਰਹਿ ਕੇ ਨਿਸਚੇ ਕਰ ਲਿਆ ਸੀ ਕਿ 'ਸਭ ਮਹਿ ਜੋਤਿ ਜੋਤਿ ਹੈ ਸੋਇ' (ਮਹਲਾ ੧) ਅਤੇ ਜਦੋਂ ਸਾਰਿਆਂ ਦੇ ਅੰਦਰ ਇਕੋ ਜੋਤਿ ਰਮ ਰਹੀ ਹੈ, ਤਾਂ ਨ ਕੋਈ ਹਿੰਦੂ ਹੈ ਨ ਮੁਸਲਮਾਨ ਨ ਕੋਈ ਵਡਾ ਹੈ ਨ ਛੋਟਾ। ਉਸ ਦੇ ਪੈਦਾ ਕੀਤੇ ਸਾਰੇ ਮਨੁਖ ਇਕ ਸਮਾਨ ਹਨ

ਵਡੀ ਛੋਟੀ ਤਾਂ ਮਨੁਖ ਦੀ ਅਪਨੀ ਕਰਨੀ ਹੈ :

ਪੁਛੱਣ ਖੋਲ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ ।
ਬਾਬੇ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ ।

ਭਾਈ ਗੁਰਦਾਸ

ਕਰਤਾ ਪੁਰਖ ਨੇ ਕਿਸੇ ਨੂੰ ਮੋਮਨ ਬਣਾ ਕੇ ਸੰਸਾਰ ਤੇ ਨਹੀਂ ਭੇਜਿਆ ਤੇ ਨ ਕਿਸੇ ਦੇ ਮੱਥੇ ਕਾਫਰ ਹੋਣਾ ਲਿਖਿਆ ਹੈ, ਨ ਕਿਸੇ ਦਾ ਬ੍ਰਾਹਮਨ ਹੋਣਾ ਨਿਸਚੇ ਕੀਤਾ ਹੈ ਅਤੇ ਨ ਸ਼ੂਦਰ ਹੋਣਾ : 'ਜਾਤੀ ਦੈ ਕਿਆ ਹਥਿ ਸਚੁ ਪਰਖੀਐ' (ਮਹਲਾ ੧) ਮਨੁਖਾ ਦੇਹੀ ਰਖਣ ਵਾਲੇ, ਭਾਵੇਂ ਸੰਸਾਰ ਦੀ ਕਿਸੇ ਨੁਕਰ ਤਥਾ ਕਿਸੇ ਦੇਸ਼ ਵਿਚ ਪੈਦਾ ਹੋਏ ਹੋਣ, ਸਭ ਮਨੁਖ ਜਾਤੀ ਹਨ—ਸਾਰੇ ਮਨੁਖ ਹਨ, ਉਨ੍ਹਾਂ ਸਾਰਿਆਂ ਵਿਚ ਕਰਤਾ ਪੁਰਖ ਵਾਹਿਗੁਰੂ ਦਾ ਜ਼ਹੂਰ ਹੈ, ਪਰ ਉਨ੍ਹਾਂ ਵਿਚੋਂ ਕੋਈ ਭੀ ਆਪਨੇ ਆਪ ਵਿਚ ਅਲਹ, ਰੱਬ, ਰਾਮ ਜਾਂ ਨਿਰੰਕਾਰ ਨਹੀਂ ਹੋ ਸਕਦਾ ਕਿਉਂਕਿ ਇਨ੍ਹਾਂ ਨਾਮਾਂ ਵਾਲੀ ਹਸਤੀ ਤਾਂ ਅਜੂਨੀ ਹੈ। ਉਹ ਜੰਮਣ ਮਰਣ ਵਿਚ ਨਹੀਂ ਆ ਸਕਦੀ ਅਤੇ ਨ ਉਸ ਦਾ ਕੋਈ ਅਕਾਰ ਹੀ ਮਿਥਿਆ ਜਾ ਸਕਦਾ ਹੈ। ਪ੍ਰੰਤੂ ਕਿਉਂਕਿ ਸਾਰੇ ਆਕਾਰਾਂ ਵਿਚ ਨਿਰੰਕਾਰ ਦੀ ਜੋਤ ਪ੍ਰਕਾਸ਼ਮਾਨ ਹੈ ਇਸ ਲਈ ਮਨੁਖ ਮਾਤਰ ਦਾ ਸਤਕਾਰ ਉਸ ਜੋਤੀ ਦਾ ਸਤਕਾਰ ਹੈ ਅਤੇ ਮਨੁਖ ਤੋਂ ਘ੍ਰਿਣਾ ਉਸ ਜੋਤੀ ਤੋਂ ਘ੍ਰਿਣਾ ਹੈ ਇਸੇ ਲਈ ਫਰੀਦ ਨੇ ਕਿਹਾ ਸੀ।

'ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ'

ਮਨੁਖਤਾ ਇਕ ਅਤਿ ਉਤਮ ਵਸਤੂ ਹੈ ਕਿਉਂਕਿ

'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' (ਮਹਲਾਂ ੫) ਇਸੇ ਲਈ ਦੇਵੀ ਦੇਵਤੇ ਭੀ ਮਨੁਖਾ ਦੇਹ ਦੀ ਪ੍ਰਾਪਤੀ ਨੂੰ ਤਰਸਦੇ ਹਨ ।

'ਇਸ ਦੇਹੀ ਕਉ ਸਿਮਰਹਿ ਦੇਵ' (ਕਬੀਰ ਜੀ) ਮਨੁਖਤਾ ਨੂੰ ਪਾਕੇ ਮਨੁਖ ਪਰਮੇਸ਼ਰ ਰੂਪ ਹੋ ਸਕਦਾ ਹੈ। ਪਰੰਤੂ ਮਨੁਖਤਾ ਗਵਾ ਕੇ ਮਨੁਖ ਗਵਾਰ ਤੇ ਪਸ਼ੂ ਹੋ

ਜਾਂਦਾ ਹੈ । ਮਨੁਖ ਦੀ ਆਪਣੀ ਕਰਨੀ ਤੇ ਨਿਰਭਰ ਹੈ ਮਨੁਖ ਦਾ ਪਸ਼ੂ ਜਾਂ ਪਰਮੇਸ਼ੁਰ ਬਣ ਜਾਣਾ, ਇਸ ਲਈ ਮਨੁਖ ਆਪਣੀ ਕਰਨੀ ਦੁਆਰਾ ਨੀਵੀਂ ਅਤੇ ਸਾਧਾਰਨ ਅਵਸਥਾ ਤੋਂ ਉਪਰ ਉਠੇ, ਜਿਹ ਆਪਣੇ ਆਪ ਨੂੰ ਰੱਬ ਦਾ ਨੰਨ੍ਹਾਂ ਜੇਹਾ ਰੂਪ ਜਾਣ ਕੇ ਆਪਨੇ ਅੰਦਰ ਰਬ ਵਾਲੇ ਗੁਣ ਪੈਦਾ ਕਰਦਾ ਜਾਵੇ, ਉਨ੍ਹਾਂ ਗੁਣਾ ਨੂੰ ਜਾਣੇ ਅਤੇ ਆਪਨੇ ਅੰਦਰ ਲੈ ਲਵੇ ਤਾ ਫਿਰ 'ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸਰ' ਹੋਕੇ ਰਹੇਗਾ । 'ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ' (ਮਹਲਾ ੫

ਇਸ ਦੀਆਂ ਉਦਾਹਰਨਾ ਵੇਖੋ ਭਾਈ ਲਹਿਣੇ ਵਿਚ ਜਿਸ ਨੇ 'ਸ਼ਤਿ ਪੁਰਖ' ਦੀ ਪਛਾਣ ਕੀਤੀ ਅਤੇ ਸਤਿਗੁਰੂ ਅੰਗਦ ਦੇਵ ਹੋ ਨਿਬੜਿਆ, 'ਅਮਰੂ ਨਿਥਾਵੇਂ'' ਨੂੰ ਸਤਿ ਪੁਰਖ ਦੀ ਪ੍ਰਾਪਤੀ ਹੋਈ ਅਤੇ ਆਪ ਨਿਥਾਵਿਆਂ ਦੇ ਥਾ ਗੁਰੂ ਅਮਰ ਦਾਸ ਜੀ ਹੋ ਗਏ, ਜਿਨ੍ਹਾਂ ਦੇ ਚਰਨ ਪਰਸਨ ਤੇ 'ਪ੍ਰਹਿਮ ਪਾਤਿਕ ਬਿਨਾਸਹਿ' (ਜਾਲਪ)

ਮਨੁਖਤਾ ਬਾਰੇ ਇਸ ਪ੍ਰਕਾਰ ਦਾ ਅਹਿਸਾਸ ਗੁਰੂ ਜੀ ਲੋਕਾਂ ਨੂੰ ਦ੍ਰਿੜ ਕਰਾਉਣਾ ਚਾਹੁੰਦੇ ਸਨ, ਕਿਉਂਕਿ ਅਜੇਹਾ ਅਹਿਸਾਸ ਪੈਦਾ ਹੋਣ ਨਾਲ ਹੀ ਇਹ ਨਿਸਚੇ ਹੋ ਸਕਦਾ ਸੀ ਕਿ ਮਨੁਖਾ ਜਨਮ ਬਹੁਤ ਹੀ ਉਤਮ ਚੀਜ਼ ਹੈ ਬਲਕਿ ਮਨੁਖ ਰਬ ਦਾ ਅਪਨਾ ਨਿੱਕਾ ਜਿਹਾ ਰੂਪ ਹੈ,ਇਸ ਲਈ ਮਨੁਖ ਤੋਂ ਘਿਰਣਾ ਕਰਨਾ ਜਾਂ ਮਨੁਖ ਨਾਲ ਵੈਰ ਕਮਾਉਣਾ ਰਬ ਨਾਲ ਵੈਰ ਕਮਾਉਣਾ ਹੈ । ਇਹ ਜਾਣ ਕੇ ਕਿ ਅਮਕਾ ਮਨੁਖ ਮੁਸਲਮਾਨ ਹੈ ਜਾ ਹਿੰਦੂ ਹੈ ਜਾਂ ਕਿਸੇ ਗਰੀਬ ਤਥਾ ਨੀਚ ਘਰ ਵਿਚ ਜੰਮਿਆ ਹੈ, ਉਸ ਨੂੰ ਬੁਰਾ ਜਾਨਣਾ ਅਤੇ ਆਪਣੇ ਮਨ ਅੰਦਰ ਉਸ ਤੋਂ ਨਫਰਤ ਰਖਣੀ ਬਹੁਤ ਹੀ ਕਮੀਨੀ ਗੱਲ ਹੈ । ਜੋ ਮਨੁਖ ਰੱਬ ਦੇ ਆਪਨੇ ਨੰਨ੍ਹੇ ਰੂਪ ਨਾਲ ਨਫਰਤ ਕਰਦਾ ਹੈ ਉਸ ਨਾਲ ਰਬ ਕਿਸ ਤਰ੍ਹਾਂ ਪਿਆਰ ਕਰ ਸਕਦਾ ਹੈ । ਰਬ ਤਾਂ ਕੀ, ਮਨੁਖਤਾ ਦੀ ਸੂਝ ਰਖਣ ਵਾਲੇ ਮਨੁਖ ਭੀ ਉਸ ਨੂੰ ਚੰਗਾ ਨਹੀਂ ਸਮਝਦੇ ।

ਦੂਜੀ ਗੱਲ ਜਿਸ ਦਾ ਅਹਿਸਾਸ ਗੁਰੂ ਜੀ ਲੋਕਾਂ ਅੰਦਰ ਪੈਦਾ ਕਰਨਾ ਚਾਹੁੰਦੇ ਸਨ, ਓਹ ਇਹ ਸੀ ਕਿ ਮਨੁਖ ਜਨਮ ਹੀ ਅਜੇਹਾ ਸਮਾਂ ਹੈ, ਜਿਸ ਨੂੰ ਪਾ ਕੇ ਇਹ ਮਨੁਖ ਤੋਂ ਦੇਵਤਾ ਬਲਕਿ ਖੁਦ ਈਸ਼੍ਵਰ ਬਣ ਸਕਦਾ ਹੈ ।

'ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ'

ਇਸ ਲਈ ਜੇ ਕੋਈ ਕਿਸੇ ਮਨੁਖ ਨਾਲ ਵੈਰ ਕਮਾਉਂਦਾ ਤਥਾ ਉਸ ਦਾ ਘਾਤ ਕਰਕੇ ਉਸ ਦੇ ਮਨੁਖ ਜੂਨੀ ਦੇ ਕਾਲ ਦਾ ਅੰਤ ਕਰਦਾ ਹੈ ਓਹ ਉਸ ਤੋਂ ਉਸਦਾ ਓਹ ਅਵਸਰ ਖੋਹ ਲੈਂਦਾ ਹੈ ਜਿਸ ਵਿਚ ਉਸਨੇ ਦੇਵਤਾ ਤਥਾ ਰਬ ਬਨਣਾ ਸੀ। ਇਹ ਘੋਰ ਪਾਪ ਹੈ।

ਤੀਜੀ ਗੱਲ ਜੋ ਸਮੇ ਦੀ ਪਰਚੱਲਤ ਵਿਚਾਰ ਧਾਰਾ ਦੇ ਅਧਿਐਨ ਤੋਂ ਗੁਰੂ ਜੀ ਨੂੰ ਦ੍ਰਿੜ ਹੋਈ ਅਤੇ ਜਿਸ ਨੂੰ ਆਪ ਲੋਕਾਂ ਪ੍ਰਤੀ ਦ੍ਰਿੜ ਕਰਾਉਣਾ ਚਾਹੁੰਦੇ ਸਨ ਓਹ ਸੀ ਆਪ ਤੋਂ ਪਹਿਲੋਂ ਭਗਤੀ ਤਥਾ ਸੂਫ਼ੀ ਲਹਿਰ ਦੇ ਦਿਤੇ ਅਜੇਹੇ ਖਿਆਲਾਂ ਦੀ ਅਸਲੀਅਤ ਦਸਣੀ ਕਿ ਮਨੁਖੀ ਸਰੀਰ ਅਤੇ ਸੰਸਾਰ ਦੇ ਸਾਰੇ ਪਦਾਰਥ ਨਾਸ਼ਮਾਨ ਤੇ ਖਿਨ ਭੰਗਰ ਹਨ ਇਸ ਲਈ ਇਨ੍ਹਾਂ ਦਾ ਤਿਆਗ ਹੀ ਪਰਮ ਧਰਮ ਹੈ। ਗੁਰੂ ਜੀ ਇਹ ਦ੍ਰਿੜ ਕਰਾਓਣਾ ਚਾਹੰਦੇ ਸਨ ਕਿ ਮਨੁਖੀ ਸਰੀਰ ਦੀ ਪ੍ਰਾਪਤੀ ਇਕ ਮਹਾਨ ਵਡੀ ਦਾਤ ਹੈ। ਇਸੇ ਤਰ੍ਹਾਂ ਦੁਨੀਆਂ ਦੇ ਸਾਰੇ ਪਦਾਰਥ ਭੀ ਮਨੁਖ ਜੀਵਨ ਨੂੰ ਸੋਹਣਾ ਤੇ ਸੁਖਾਲਾ ਕਰਨ ਦੇ ਸਾਧਨ ਤੇ ਉਪਾਉ ਹਨ। ਇਨਾਂ ਤੋਂ ਦੂਰ ਨਸਨਾ ਅਤੇ ਸਰੀਰ ਨੂੰ ਵਾਧੂ ਦੇ ਕਲੇਸ਼ਾਂ ਵਿਚ ਪਾਉਣਾ ਮਨੁਖੀ ਜੀਵਨ ਦਾ ਠੀਕ ਰਸਤਾ ਨਹੀਂ। ਸਰੀਰ ਹੀ ਆਤਮਾ ਅਤੇ ਪਰਮਾਤਮਾ ਦੇ ਮੇਲ ਦਾ ਵਸੀਲਾ ਹੈ ਇਸ ਨੂੰ ਨਰੋਆ ਰਖਕੇ ਹੀ ਪ੍ਰਭੂ ਨਾਲ ਮੇਲ ਦਾ ਸਾਧਨ ਬਨਾਇਆ ਜਾ ਸਕਦਾ ਹੈ, ਤੇ ਪਦਾਰਥਕ ਭੋਗ ਇਸ ਨੂੰ ਨਰੋਆ ਰਖਣ ਵਾਸਤੇ ਹਨ, ਇਸ ਲਈ ਇਨਾਂ ਦੇ ਤਿਆਗ ਦੀ ਲੋੜ ਨਹੀਂ ਸਗੋਂ ਇਨ੍ਹਾਂ ਦੇ ਵਿਚ ਇਸ ਤਰ੍ਹਾਂ ਰਹੋ:

'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ' ਮਹਲਾ ੧

ਫਿਰ ਆਪਣਾ ਸਰੀਰ ਨਰੋਆ ਹੋਵੇ ਤਾਂ ਹੀ ਕਿਸੇ ਦੂਜੇ ਦਾ ਭਲਾ ਕੀਤਾ ਜਾ ਸਕਦਾ ਹੈ। ਮਨੁਖ ਦੇ ਦੂਜੇ ਮਨੁਖਾਂ ਨਾਲ ਪਿਆਰ (ਜੋ ਸੰਸਾਰ ਅੰਦਰ ਮਨੁਖ ਦਾ ਸਭ ਤੋਂ ਉਤਮ ਕਰਮ ਹੈ) ਦਾ ਪ੍ਰਗਟ ਰੂਪ ਉਨ੍ਹਾਂ ਦੀ ਸੇਵਾ ਹੈ। ਭੁਖੇ, ਗਰੀਬ ਦੀਨ ਤੇ ਦੁਖੀ ਦੀ ਸੇਵਾ—ਭੁਖੇ ਨਾਲ ਵੰਡ ਖਾਣਾ, ਦੁਖੀ ਦਾ ਦੁਖ ਵੰਡਾਉਣਾ, ਰੋਗੀ

ਦੇ ਰੋਗ ਕਟਨ ਵਿਚ ਸਹਾਈ ਹੋਣਾ ਹੀ ਮਨੁਖ ਲਈ ਸਰੇਸ਼ਟ ਕਰਮ ਹਨ ਜੋ ਨਰੋਆ ਸਰੀਰ ਹੀ ਕਰ ਸਕਦਾ ਹੈ ਅਤੇ ਅਜੇਹੇ ਕਰਮ ਕਰਨ ਵਾਲਾ ਹੀ ਰਬ ਦੀ ਕਿਰਪਾ ਦਾ ਆਸਵੰਦ ਹੋ ਸਕਦਾ ਹੈ:

'ਵਿਚਿ ਦੁਨੀਆ ਸੇਵ ਕਮਾਈਐ, ਤਾਂ ਦਰਗਹ ਬੈਸਣੁ ਪਾਈਐ । (ਮਹਲਾ ੧)

ਭਾਂਤ ਭਾਂਤ ਦੇ ਕਰਮ ਕਾਂਡੀ ਭਰਮਾਂ ਤੇ ਵੈਰ ਵਿਰੋਧ ਵਿਚ ਉਲਝੇ ਹੋਏ ਸਮਾਜ ਅੰਦਰ ਇਸ ਪਰਕਾਰ ਦੀ ਮਨੁਖਤਾ ਦਾ ਅਹਿਸਾਸ ਜਗਾਉਣ ਲਈ ਗੁਰੂ ਜੀ ਤਿੰਨ ਦਿਨ ਦੀ ਲਗਾਤਾਰ ਨਿਮਗਨਤਾ ਪਿਛੋਂ ਲੋਕਾਂ ਦੇ ਸਾਹਮਣੇ ਆਏ ਅਤੇ 'ਨ ਹਿੰਦੂ ਨ ਮੁਸਲਮਾਨ'ਦਾ ਅਸਚਰਜ ਨਾਹਰਾ ਲਗਾਉਂਦੇ ਹੋਏ ਮੱਲਾਂ ਵਾਂਗ ਉਸ ਅਖਾੜੇ ਵਿਚ ਆਣ ਖੜੇ ਹੋਏ-ਜੋ ਅਖਾੜਾ ਮਨੁਖਾਂ ਤੋਂ ਖਾਲੀ ਪਰ ਹਿੰਦੂ ਅਤੇ ਮੁਸਲਮਾਨਾਂ ਨਾਲ ਭਰਿਆ ਹੋਇਆ ਸੀ। ਇਸ ਅਖਾੜੇ ਦੇ ਜੇਤੂ ਪਹਿਲਵਾਨ ਬਰਾਹਮਣ ਅਤੇ ਮੌਲਵੀ ਸਨ ਅਤੇ ਸਾਰੇ ਦਰਸ਼ਕ ਭੀ ਹਿੰਦੂ ਅਤੇ ਮੁਸਲਮਾਨ ਹੀ ਸਨ। ਇਕ ਇਕਲੇ ਗੁਰੂ ਨਾਨਕ ਨੇ ਇਸ ਅਖਾੜੇ ਵਿਚ ਵੜਦਿਆਂ ਹੀ 'ਨ ਹਿੰਦੂ ਨ ਮੁਸਲਮਾਨ' ਦਾ ਅਲੌਕਕ ਨਾਹਰਾ ਲਗਾਇਆ ਅਤੇ ਆਪਨੇ ਨਾਹਰੇ ਦੀ ਸਚਾਈ ਉਨ੍ਹਾਂ ਲੋਕਾਂ ਨੂੰ ਦ੍ਰਿੜ ਕਰਾਉਣ ਦਾ ਤਹਈਆ ਕੀਤਾ ਜੋ ਹਿੰਦੂ ਸਨ ਜਾਂ ਮੁਸਲਮਾਨ, ਜਿਨ੍ਹਾਂ ਦਾ ਦਾਹਵਾ ਇਹ ਸੀ ਕਿ 'ਅਸੀਂ ਹਿੰਦੂ ਹਾਂ' 'ਅਸੀਂ ਮੁਸਲਮਾਨ ਹਾਂ'। ਗੁਰੂ ਨਾਨਕ ਨੇ ਕਿਹਾ 'ਨਹੀਂ', ਤੁਸੀਂ ਹਿੰਦੂ, ਨਹੀਂ, ਨ ਮੁਸਲਮਾਨ ਹੋ, ਤੁਸੀਂ ਮਨੁਖ ਹੋ'।

ਉਸਾਰੀ

ਲੋਕ ਵਿਚਾਰ ਧਾਰਾ ਅਤੇ ਗੁਰੂ ਜੀ ਦੇ ਵਿਚਾਰਾਂ ਵਿਚ ਇਹ ਮੁਢਲਾ ਅੰਤਰਾ ਸੀ। ਅਜੇਹੀ ਹਾਲਤ ਵਿਚ ਗੁਰੂ ਜੀ ਲਈ ਇਕ ਸੁਧਾਰਕ ਦੇ ਤੌਰ ਤੇ ਲੋਕਾਂ ਅੰਦਰ ਵਿਚਰਨਾ ਸੰਭਵ ਨਹੀਂ ਸੀ। ਬੰਦੇ ਬੰਦੇ ਅੰਦਰ ਫਰਕ ਸਮਝਨ ਵਾਲਾ ਸਮਾਜ ਸਾਰਿਆਂ ਦਾ ਸਾਂਝੀਵਾਲ ਹੋਣਾ ਕਿਸ ਤਰ੍ਹਾਂ ਕਬੂਲ ਸਕਦਾ ਸੀ ? ਅਨੇਕਾਂ ਦੇਵੀ ਦੇਵਤਿਆਂ ਅਤੇ ਅਵਤਾਰਾਂ ਦੀਆਂ ਪਰਤੱਖ ਮੂਰਤੀਆਂ ਤੋਂ ਮੁਰਾਦਾਂ ਮੰਗਣ ਵਾਲੇ ਲੋਕਾਂ ਦਾ ਮਨ ਅਦ੍ਰਿਸ਼ਟ ਅਤੇ ਨਿਰਆਕਾਰ ਰੱਬ ਦੀ ਹੋਂਦ ਤੇ ਕਿਸ ਤਰ੍ਹਾਂ ਖਲੋ ਸਕਦਾ ਸੀ ? ਰਸੂਲ ਅੱਲਾ ਦੀ ਵਸਾਤਤ ਉਤੇ ਭਰੋਸਾ ਰਖਣ ਵਾਲੇ ਲੋਕ ਕਿਸ ਤਰ੍ਹਾਂ ਮੰਨ ਸਕਦੇ ਸਨ ਕਿ ਮਨੁਖ ਆਪਣੇ ਆਪ ਵਿਚ ਇਤਨਾ ਉਚਾ ਉਠ ਸਕਦਾ ਹੈ ਕਿ ਓਹ ਆਪ ਪਰਮੇਸ਼ੁਵਰ ਰੂਪ ਹੋ ਜਾਵੇ ? ਫਿਰ ਜਦੋਂ ਸਮੁਚੀ ਜਨਤਾ ਕਈ ਸਦੀਆਂ ਤੋਂ ਅਜੇਹੇ ਵਿਸ਼ਵਾਸ ਨੂੰ ਦ੍ਰਿੜ ਕਰ ਚੁਕੀ ਹੋਈ ਹੋਵੇ ਅਤੇ ਦੇਸ਼ ਦੀ ਰਾਜ ਸੱਤਾ ਅਤੇ ਸਰਮਾਏਦਾਰੀ ਇਨ੍ਹਾਂ ਦੀ ਪਿਠ ਤੇ ਹੋਵੇ, ਬਲਕਿ ਇਨ੍ਹਾਂ ਦੇ ਵਿਰੋਧ ਨੂੰ ਸਖਤੀ ਨਾਲ ਕੁਚਲ ਦੇਣ ਲਈ ਤੁੱਲੀ ਹੋਵੇ ਤਾਂ ਇਕ ਸੁਧਾਰਕ ਦਾ ਰੋਲ ਧਾਰਨ ਕਰਨ ਵਾਲੇ ਮਨੁਖ ਲਈ ਜਿਸ ਦਾ ਇਕੋ ਸਾਧਨ ਉਪਦੇਸ਼ ਤਥਾ ਗਿਆਨ ਦੇਣਾ ਹੋਵੇ, ਸਫਲਤਾ ਦੀ ਆਸ ਕਿਤਨੀ ਕਠਨ ਸੀ।

ਗੁਰੂ ਨਾਨਕ ਦੇਵ ਇਕ ਬਹੁਤ ਵਡੀ ਦੀਰਘ ਦ੍ਰਿਸ਼ਟੀ ਰਖਦੇ ਸਨ। ਆਪ ਨੇ ਸਮਾਜ ਦੀ ਇਸ ਸਥਿਤੀ ਨੂੰ ਅਛੀ ਤਰਾਂ ਜਾਂਚ ਤੋਲ ਲਿਆ ਅਤੇ ਇਕ ਵਡੇ ਕ੍ਰਾਂਤੀਕਾਰ (Revolutionary) ਦੀ ਤਰ੍ਹਾਂ ਬੜੀ ਦਲੇਰੀ, ਨਿਰਭੈਤਾ ਅਤੇ ਸ੍ਵੈ ਵਿਸ਼ਵਾਸ ਨਾਲ ਉਸ ਸਮਾਜ ਅੰਦਰ ਜਾ ਘੁਸੇ ਜਿਸ ਦਾ ਹਰ ਮਨੁਖ ਉਨ੍ਹਾਂ ਦੇ ਓਪਰੇ ਖਿਆਲ਼ਾਂ ਸਦਕਾ ਉਨ੍ਹਾਂ ਨੂੰ 'ਕੁਰਾਹੀਆ' ਤੇ 'ਦੀਵਾਨਾ' ਸਮਝਦਾ ਸੀ। ਪ੍ਰਤੋ

ਆਪ ਦੇ ਦਿਮਾਗ਼ ਅੰਦਰ ਕੋਈ ਭੁਲੇਖਾ ਨਹੀਂ ਸੀ, ਨ ਬੋਲ ਵਿਚ ਸਖਤ ਕਲਾਮੀ ਅਤੇ ਨ ਹਿਰਦੇ ਅੰਦਰ ਸੀਨਾ ਜ਼ੋਰੀ। ਕਿਸੇ ਨਾਲ ਧੱਕਾ ਆਪ ਦੇ ਫੁਰਨੇ ਵਿਚ ਵੀ ਨਹੀਂ ਸੀ, ਜੀਭ ਵਿਚ ਮਿਠਾਸ ਤੇ ਰਸ, ਚੇਹਰੇ ਤੇ ਖੇੜਾ ਅਤੇ ਅਖਾਂ ਵਿਚੋਂ ਨੂਰ ਵਸਦਾ ਸੀ। ਦ੍ਰਿਸ਼ਟੀ ਅੰਦਰ ਦਇਆ ਅਤੇ ਕਥਨ ਵਿਚ ਅਜੇਹੀ ਆਕਰਖਨ ਸ਼ਕਤੀ ਸੀ ਕਿ ਆਪ ਦੇ ਅਲੌਕਕ ਤੇ ਇਨਕਲਾਬੀ ਬਚਨ ਭੀ ਪਿਆਰੇ ਲਗਦੇ ਸਨ। ਮੇਲੇ ਮੁਸਾਹਿਬੇ ਇਕਠ ਤਿਉਹਾਰ, ਭਾਵੇਂ ਕਿਤਨੇ ਭੀ ਵਿਰੋਧੀ ਖਿਆਲਾਂ ਵਾਲਿਆਂ ਦੇ ਕਿਉਂ ਨ ਹੋਣ, ਆਪ ਉਨ੍ਹਾਂ ਅੰਦਰ ਘੁਸ ਜਾਣ ਤੋਂ ਕਦੀ ਸੰਕੋਚ ਨ ਕਰਦੇ। ਅਜ ਨਵਾਬ ਅਤੇ ਕਾਜ਼ੀ ਨਾਲ ਮਸਜਦ ਅੰਦਰ ਨਿਮਾਜ਼ ਵਿਚ ਸ਼ਾਮਲ ਖੜੇ ਹਨ ਤਾਂ ਕਲ ਗੰਗਾ ਕੰਢੇ ਪਿੱਤਰ ਪੂਜਕਾਂ ਵਿਚ ਪਾਣੀ ਉਛਾਲ ਰਹੇ ਹਨ, ਜੇਕਰ ਜਗਨ ਨਾਥ ਪੁਰੀ ਦੇਵ ਆਰਤੀ ਉਤਾਰਨ ਵਾਲਿਆਂ ਦੀ ਸਫ਼ ਵਿਚ ਖੜੇ ਹਨ ਤਾਂ ਬਗ਼ਦਾਦ ਅੰਦਰ ਆਪਨੀ ਨਿਰਾਲੀ ਬਾਂਗ ਦੇਣ ਤੋਂ ਸੰਕੋਚ ਨਹੀਂ। ਜੇ ਕਰ ਆਪ ਦੀ ਬਾਂਗ ਤੇ ਚੌਧਾਂਤਰ ਸੈਂਕੜੇ ਲੋਕ ਆਪ ਨੂੰ 'ਸੰਗ ਸਾਰ' ਕਰਨ ਲਈ ਪੱਥਰ ਚੁੱਕੀ ਆ ਰਹੇ ਹਨ ਤਾਂ ਆਪ ਦੇ ਮਥੇ ਵਟ ਨਹੀਂ ਪਿਆ ਅਤੇ ਜੇ ਪੰਡਤ ਨਾਨੂੰ ਅਤੇ ਸੂਰਜ ਗ੍ਰਹਨ ਤੇ ਜੰਮਾਂ ਹੋਇਆਂ ਮੁਲਖਈਆ ਆਪ ਦਾ ਭਖਦਾ ਚੁਲ੍ਹਾ ਵੇਖ ਸੋਟੇ ਲਾਠੀਆਂ ਉਠਾਈ ਆਪ ਵੱਲ ਧਾਈ ਕਰੀ ਆ ਰਹੇ ਹਨ ਤਾਂ ਆਪ ਪਿਆਰ ਤੱਕਣੀ ਨਾਲ ਕਹਿੰਦੇ ਹਨ 'ਭਾਈ, ਗਿਆਨ ਮੇਂ ਬਾਤ ਕਰੋ'। ਕਿਆ ਅਜੱਬ ਕਿਸਮ ਦਾ ਰੈਵੋਲਿਊਸ਼ਨਰੀ ਹੈ ; ਇਹ ਸਮਾਜ ਦੇ ਅਪਨਾਏ ਰਸਮ ਰਿਵਾਜ, ਧਾਰਮਕ ਰਹੁ ਰੀਤਾਂ ਅਤੇ ਰਾਜਨੀਤਕ ਸਾਸ਼ਨਾਂ ਦਾ ਬਾਗ਼ੀ ਨਾਨਕ ਗੁਰੂ ਹੈ ਜਿਸ ਨੂੰ ਨ ਬ੍ਰਹਮਣ ਦਾ ਜੰਞੂ ਪ੍ਰਵਾਣ ਹੈ, ਨ ਕਾਜ਼ੀ ਦਾ ਸਿਜਦਾ, ਜਿਸ ਨੂੰ ਨ ਲੋਧੀ ਸੁਲਤਾਨ ਦੀ ਕੈਦ, ਨ ਬਾਬਰ ਦੀ ਚਕੀ ਅਤੇ ਨ ਕਾਮ ਰੂਪ ਦੀਆਂ ਸੁੰਦਰ ਕੁਮਾਰੀਆਂ ਦੀ ਪਿਆਰ ਤਕਨੀ ਆਪਨੇ ਨਿਸ਼ਾਨੇ ਤੋਂ ਉਕਾ ਸਕਦੀਆਂ ਹਨ।

ਆਪ ਸੰਸਾਰ ਦੀ ਵਿਚਾਰ ਧਾਰਾ ਅੰਦਰ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ. ਆਪਦਾ ਨਿਸ਼ਾਨਾ ਉਨ੍ਹਾਂ ਗ਼ਲਤ ਲੀਹਾਂ ਨੂੰ, ਜਿਨ੍ਹਾਂ ਉਤੇ ਭੁੱਲੇ ਹੋਏ ਲੋਕ ਜਾ ਰਹੇ ਸਨ, ਮੇਸ ਕੇ ਨਵੀਆਂ ਲੀਹਾਂ ਕਾਇਮ ਕਰਨਾ ਸੀ। ਪੁਰਾਣੀਆਂ ਲੀਹਾਂ ਢਾਹੁਣਾ ਅਤੇ ਨਵੀਆਂ ਕਾਇਮ ਕਰਨਾ ਆਪ ਦਾ ਕੰਮ ਸੀ ਇਸ ਲਈ ਆਪ ਨੇ ਨਿਰਾ

ਪਰਚਲਤ ਵਿਸ਼ਵਾਸਾ ਦਾ ਹਨੇਰਾ ਪਾਸਾ ਹੀ ਲੋਕਾਂ ਨੂੰ ਦ੍ਰਿੜ ਨਹੀਂ ਕਰਾਇਆ ਬਲਕਿ ਇਸਦੇ ਨਾਲ ਉਸਾਰੂ ਪਖ ਨੂੰ ਉਸ ਤੋਂ ਭੀ ਵਧੇਰੇ ਜ਼ੋਰ ਨਾਲ ਉਨ੍ਹਾਂ ਦੇ ਸਾਹਮਣੇ ਰਖਿਆ ਤਾਂ ਕਿ ਉਹ ਦੋਨਾਂ ਗੱਲਾਂ ਵਿਚੋਂ ਅਸਲੀਅਤ ਦਾ ਨਿਰਨਾ ਆਪ ਕਰ ਸਕਣ । ਆਪ ਨੇ 'ਨ ਹਿੰਦੂ ਨ ਮੁਸਲਮਾਨ' ਦਾ ਆਵਾਜ਼ਾ ਹੀ ਨਹੀਂ ਦਿਤਾ ਬਲਕਿ ਆਪਣਾ ਪਹਿਰਾਵਾ ਅਜਬ ਕਿਸਮ ਦਾ, ਜੋ ਨ ਹਿੰਦੂ ਦਾ ਸੀ ਅਤੇ ਨ ਮੁਸਲਮਾਨ ਦਾ, ਕਰਕੇ ਆਪਨੇ ਨਾਲ ਬਾਲਾ ਹਿੰਦੂ ਜਟ ਅਤੇ ਮਰਦਾਨਾ ਮੁਸਲਮਾਨ ਮਿਰਾਸੀ ਲਿਆ ਅਤੇ ਦੇਸ਼ ਪ੍ਰਦੇਸ ਰਟਨਾ ਅਰੰਭ ਦਿਤਾ । ਜਿਥੇ ੨ ਆਪ ਇਸ ਰੂਪ ਅੰਦਰ ਗਏ ਅਤੇ ਜੋ ਜੋ ਤਰੀਕਾ ਕ੍ਰਾਂਤੀ ਲਿਆਉਣ ਹਿਤ ਆਪ ਨੇ ਵਰਤਿਆ ਇਹ ਤਾਂ ਬਹੁਤ ਲੰਮੀ ਕਥਾ ਹੈ ਪ੍ਰੰਤੂ ਇਸ ਦੇ ਉਸਾਰੂ ਢੰਗ ਦਾ ਫਲ ਸਰੂਪ ਜੋ ਸੰਸਾਰ ਦੇ ਸਾਹਮਣੇ ਆਇਆ ਓਹ ਸੀ :—

(੧) ੧ਓ : ਵਾਹਿਗੁਰੂ ਦੀਆਂ ਵਖੋਂ ਵਖ ਸ਼ਕਤੀਆਂ ਨੂੰ ਦੇਵੀਆਂ ਦੇਵਤੇ ਕਰਕੇ ਪੂਜਣ ਜਾਂ ਨਿਰ ਅਕਾਰ ਅਤੇ ਅਜੂਨੀ ਵਾਹਿਗੁਰੂ ਨੂੰ ਜਨਮਮਰਨ ਵਿਚ ਆਏ ਸਾਕਾਰ ਰੂਪ ਜਾਣ ਕੇ ਉਨ੍ਹਾਂ ਦੀਆਂ ਭਾਂਰ ਭਾਂਤ ਦੀਆਂ ਅਨੇਕਾਂ ਮੂਰਤਾਂ ਵਿਚ ਭਰੋਸਾ ਰਖਣ ਵਾਲੇ ਲੋਕਾਂ ਨੂੰ ਸਰਬ ਸ਼ਕਤੀਆਂ ਦੇ ਮਾਲਕ ਨਿਰੰਕਾਰ ਦੀ ਇਕੋ ਇਕ ਹਸਤੀ ਦ੍ਰਿੜ ਕਰਾਉਂਦੇ ਹੋਏ ਦਸਿਆ ਕਿ 'ਸਾਹਿਬੁ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ' (ਮਹਲਾ ੧) ਜਿਸ ਦਾ ਰੂਪ ਆਪਣੇ ਦਸਵੇਂ ਜਾਮੇ ਅੰਦਰ ਇਉਂ ਕਥਿਆ:

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ
ਅਚਲ ਮੂਰਤਿ ਅਨੁਭਵ ਪ੍ਰਕਾਸ਼ ਅਮਿਤੋਜ ਕਹਿਜੈ
ਕੋਟਿ ਇੰਦ੍ਰ ਇੰਦ੍ਰਾਣ ਸਾਹ ਸਾਹਾਣਿ ਗਣਿਜੈ ਪਾ: ੧੦

ਜੋ ਮਨੁਖ ਵਾਹਿਗੁਰੂ ਨੂੰ ਵਾਹਿਦ ਲਾ ਸ਼ਰੀਕ ਮੰਨਦੇ ਭੀ ਸਨ, ਉਨ੍ਹਾਂ ਦੀ ਵਾਹਦਾਨੀਅਤ ਭੀ ਸ਼ੱਕ ਰਹਿਤ ਨਹੀਂ ਸੀ ਰਹਿੰਦੀ, ਜਦੋਂ ਉਹ ਇਸ ਦੀ ਵਰਤੋਂ ਅੰਦਰ ਵਾਹਦਾਨੀਅਤ ਨੂੰ ਭੁੱਲ ਕੇ ਦੂਜੇ ਲੋਕਾਂ ਨੂੰ ਉਸ ਖੁਦਾ ਦੀ ਉਪਜ ਮੰਨਣ ਦੀ ਬਜਾਏ ਖੁਦਾ ਦੀ ਜਾਤ ਨੂੰ ਮਖਲੂਕ਼ਤ ਇਸਲਾਮ ਦਾ ਵਾਹਿਦ ਖ਼ੁਦਾ ਕਹਿਣ ਦੇ ਵਿਤਕਰੇ ਵਿਚ ਪੈ ਜਾਂਦੇ ਸਨ । ਬਲਕਿ

ਉਨ੍ਹਾਂ ਦੀ ਵਾਹਦਾਨੀਅਤ ਅੰਦਰ ਇਕ ਹੋਰ ਸੁਕਮ ਉਨ੍ਹਾਂ ਦੇ ਸ਼ੈਤਾਨ ਬਾਰੇ ਵਿਸ਼ਵਾਸ ਤੋਂ ਪੈਦਾ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਦੇ ਖਿਆਲ ਅਨੁਸਾਰ, ਸਗੋਂ ਦੂਜੇ ਪੱਛਮੀ ਮੱਤਾਂ ਦੇ ਵਿਚਾਰ ਵਿਚ ਭੀ, ਸ਼ੈਤਾਨ ਦੀ ਇਕ ਅਜੇਹੀ ਹਸਤੀ ਹੈ ਜਿਸ ਨੇ ਮਨੁਖ ਜਾਤੀ ਦੇ ਵਡਕੇ ਆਦਮ ਤੋਂ ਖੁਦਾ ਦੀ ਆਗਿਆ ਦਾ ਉਲੰਘਨ ਕਰਾਕੇ ਉਸ ਨੂੰ ਬਹਿਸ਼ਤੋਂ ਬਾਹਰ ਕਢਾਇਆ ਅਤੇ ਇਸ ਦੁਨੀਆ ਵਿਚ ਭੀ ਓਹ ਮਨੁਖ ਨੂੰ ਰਬੀ ਭਾਵਨਾ ਦੇ ਉਲਟ ਹਮੇਸ਼ਾਂ ਹੀ ਪਰੇਰਦਾ ਰਹਿੰਦਾ ਹੈ। ਜੇਕਰ ਸ਼ੈਤਾਨ ਬਾਰੇ ਉਨ੍ਹਾਂ ਦਾ ਇਹ ਵਿਸ਼ਵਾਸ ਠੀਕ ਮੰਨ ਲਿਆ ਜਾਵ ਤਾਂ ਖੁਦਾ ਵਾਹਿਦ ਲਾਸ਼ਰੀਕ ਨਹੀਂ ਰਹਿ ਜਾਂਦਾ।

ਗੁਰੂ ਜੀ ਪੂਰਨ ਅਦ੍ਵੈਤ ਵਾਦੀ ਹਨ ਉਨ੍ਹਾਂ ਦਾ 'ੴ' ਪ੍ਰਕਾਸ਼ ਭੀ ਹੈ ਅਤੇ ਅੰਧਕਾਰ ਭੀ, 'ਨਮੋ ਅੰਧਕਾਰੇ, ਨਮੋ ਤੇਜ ਤੇਜੇ' (ਪਾ. ੧੦) ਅਤੇ

'ਆਪੇ ਉਝੜਿ ਪਾਇੰਦਾ ਪਿਆਰਾ ਆਪਿ ਵਿਖਾਲੇ ਰਾਹੁ' ਸਰਠ ਮ: ੪

ਫਿਰ 'ੴ' 'ਅਮਜਬੇ' ਅਥਵਾ ਕਿਸੇ ਇਕ ਜਾਂ ਦੂਜੇ ਮਜ਼ਹਬ ਵਾਲਿਆ ਦਾ ਨਹੀਂ, ਸਭ ਦਾ ਸਾਂਝਾ ਹੈ।

(੨) **ਸੰਗਤ** : ਮਨੁਖੀ ਸਮਾਨਤਾ ਦ੍ਰਿੜ ਕਰਾਉਣ ਅਤੇ ਵਡੇ ਛੋਟੇ ਤਥਾ ਊਚ ਨੀਚ ਦਾ ਭੇਦ ਮਿਟਾਉਣ ਲਈ ਗੁਰੂ ਜੀ ਨੇ ਸਗਤ ਦੀ ਸਥਾਪਨਾ ਕੀਤੀ। ਹਿੰਦੂ ਵਿਚਾਰ ਧਾਰਾ ਪ੍ਰਭੂ ਪ੍ਰਾਪਤੀ ਲਈ ਸੰਨਿਆਸ ਅਤੇ ਵੈਰਾਗ ਦੇ ਆਸ਼ਰਮਾਂ ਅੰਦਰ ਮਨਖ ਦੀ ਇਸਥਤੀ ਜ਼ਰੂਰੀ ਸਮਝਦੀ ਅਤੇ ਆਤਮਕ ਰਹੱਸ ਦੀ ਢੂੰਡ ਸੰਨਿਆਸ ਦੇ ਇਕੱਲਪੇ ਜੀਵਨ ਵਿਚੋਂ ਕਰਦੀ ਸੀ, ਪਰੰਤੂ ਗੁਰੂ ਜੀ ਨੇ ਸਾਧ ਸੰਗਤ ਅੰਦਰ ਹਰੀ ਕੀਰਤਨ ਵਿਚ ਜੁੜਨ ਨੂੰ ਸਭ ਤੋਂ ਜ੍ਰੇਸ਼ਟ ਕਰਮ ਦਸਿਆ :

'ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ' (ਮਹਲਾ ੫)ਅਤੇ ਸੰਗਤ ਦੀ ਵਡਿਆਈ ਇਨਾਂ ਸ਼ਬਦਾਂ ਦੁਆਰਾ ਕੀਤੀ :

'ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ'

ਸੰਗਤ ਅੰਦਰ ਕਿਸੇ ਦੀ ਜ਼ਾਤ ਪਾਤ ਜਾਂ ਵਡੇ ਛੋਟੇ ਹੋਣ ਦਾ ਵਿਚਾਰ ਨਹੀਂ,

ਅਮੀਰ ਤਥਾ ਬ੍ਰਾਹਮਣ ਲਈ ਕੋਈ ਵਿਸ਼ੇਸ਼ ਥਾਉਂ ਨਹੀਂ ਅਤੇ ਨਾ ਸੂਦਰ ਜਾਂ ਅਛੂਤ ਆਦਿ ਕਹਿ ਜਾਂਦੇ ਨੀਵੇਂ ਲੋਕਾਂ ਲਈ ਕੋਈ ਵਖਰੀ ਜਾਂ ਨੀਵੀਂ ਥਾਉਂ ਹੈ :

ਅਨੇਕ ਜਾਤਾਂ ਅਤੇ ਵਰਣਾ ਅੰਦਰ ਵੰਡੇ ਹੋਏ ਸਮਾਜ ਵਾਸਤੇ ਸੰਗਤ ਦਾ institution ਇਕ ਵਡੀ ਕ੍ਰਾਂਤੀ ਸੀ । ਅਜੇਹੀ [illegible] ਵਿਚ ਸਵੇਰੇ ਸ਼ਾਮ ਦੋ ਵਕਤ ਜੁੜਨ ਦੀ ਸਿਖ ਨੂੰ ਤਾਕੀਦ ਕੀਤੀ ਗਈ ।

ਸੰਗਤ ਕਿਸ ਨੂੰ ਕਿਹਾ ਜਾਂਦਾ ਹੈ, ਇਸ ਦੀ ਵਿਆਖਿਆ ਦੋ ਤੁਕਾਂ ਅੰਦਰ ਇਉਂ ਕੀਤੀ :

'ਸਤਿ ਸੰਗਤਿ ਕੈਸੀ ਜਾਣੀਐ–ਜਿਥੈ ਏਕੋ ਨਾਮੁ ਵਖਾਣੀਐ' ਮਹਲਾ ੧

ਸੰਗਤ ਕਿਸੇ ਵਿਸ਼ੇਸ਼ ਸ਼ਰੇਣੀ ਧਰਮ ਜਾਂ ਦੇਸ਼ ਦੇ ਬੰਦਿਆਂ ਦੀ ਨਹੀਂ, ਸਗੋਂ ਮਨੁਖ ਜਾਤੀ ਦੇ ਹਰ ਪ੍ਰਾਣੀ ਮਾਤਰ ਨੂੰ ਭਾਵੇਂ ਉਹ ਪੁਰਖ ਹੈ ਜਾਂ ਇਸਤਰੀ ਸੰਗਤ ਵਿਚ ਜੁੜ ਬੈਠਣ ਦੀ ਖੁਲ੍ਹ ਹੈ । ਇਸਤਰੀ, ਜਿਸ ਨੂੰ ਹਿੰਦੂ ਸ਼ਾਸਤਰ ਮਨੁਖ ਜਾਤੀ ਅੰਦਰ ਸਮਾਨ ਥਾਂ ਨਹੀਂ ਦੇਂਦੇ ਸਨ, ਗੁਰੂ ਜੀ ਦੀ ਸੰਗਤ ਅੰਦਰ ਹਰ ਪਖ ਤੋਂ ਓਹੀ ਦਰਜਾ ਰਖਦੀ ਹੈ ਜੋ ਮਰਦ ਨੂੰ ਪ੍ਰਾਪਤ ਹੈ । ਮਨੁਖ ਭਾਵੇਂ ਕਿਸੇ ਵਿਚਾਰ ਧਾਰਾ ਦਾ ਧਾਰਨੀ ਹੋਵੇ ਜਾਂ ਕਿਸੇ ਧੜੇ ਨਾਲ ਜੁੜਿਆ ਹੋਵੇ ਗੁਰੂ ਕੀ ਸੰਗਤ ਵਿਚ ਜੁੜਨ ਦਾ ਉਸ ਨੂੰ ਵੈਸਾ ਹੀ ਹੱਕ ਪ੍ਰਾਪਤ ਹੈ ਜੈਸਾ ਕਿਸੇ ਹੋਰ ਮਨੁਖ ਨੂੰ :

'ਸਤਿਗੁਰ ਐਸਾ ਜਾਂਣੀਐ ਜੋ ਸਭ ਸੈ ਦੇਇ ਮਿਲਾਇ ਜੀਉ' ਮਹਲਾ ੧

(੩) **ਪੰਗਤ :** ਪੰਜਾਬੀ ਭਾਸ਼ਾ ਅੰਦਰ ਕਤਾਰ ਨੂੰ ਕਹਿੰਦੇ ਹਨ ਪਰੰਤੂ ਸਿਖ ਸ਼ਬਦਾਵਲੀ ਅੰਦਰ ਪੰਗਤ ਉਸ ਕਤਾਰ ਲਈ ਵਰਤਿਆ ਜਾਣ ਲਗਾ, ਜਿਸ ਵਿਚ ਬਿਠਾ ਕੇ ਗੁਰੂ ਕੀ ਸੰਗਤ ਨੂੰ ਰੋਟੀ ਖੁਲਾਈ ਜਾਂਦੀ ਸੀ, ਇਸ ਲਈ ਇਹ ਸ਼ਬਦ ਵਿਸ਼ੇਸ਼ ਕਰਕੇ ਲੰਗਰ ਨਾਲ ਸੰਬੰਧਤ ਹੋ ਗਿਆ । ਜਿਸ ਤਰ੍ਹਾਂ ਉਪਰ ਦਸਿਆ ਗਿਆ ਹੈ ਗੁਰੂ ਕੀ ਸੰਗਤ ਵਿਚ ਹਰ ਧਰਮ, ਪਖ਼ ਤੇ ਦੇਸ਼ ਦਾ ਇਸਤਰੀ ਮਰਦ ਸ਼ਾਮਲ ਹੋ ਸਕਦਾ ਸੀ, ਗੁਰੂ ਕੇ ਲੰਗਰ ਵਿਚ ਭੀ ਹਰ ਮਨੁਖ ਮਾਤਰ ਨੂੰ ਪੰਗਤ ਵਿਚ ਬੈਠਕੇ ਰੋਟੀ ਖਾਣ ਦੀ ਆਗਿਆ ਸੀ, ਗੁਰੂ ਨਾਨਕ ਦੇਵ ਜੀ ਨੇ ਇਹ [illegible] । [illegible]

ਲੰਗਰ ਕਰਤਾਰ ਪੁਰ ਵਿਚ ਚਲਾਇਆ, ਉਨ੍ਹਾਂ ਤੋਂ ਪਿਛੋਂ ਗੁਰੂ ਅੰਗਦ ਦੇਵ ਜੀ ਦੇ ਸਮੇਂ ਇਹ ਖਡੂਰ ਅੰਦਰ ਮਾਤਾ ਖੀਵੀ ਜੀ ਦੇ ਸੁਚੱਜੇ ਪ੍ਰਬੰਧ ਹੇਠ ਚਲਦਾ ਰਿਹਾ, ਜਿਸ ਦੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਾਰ ਸਤੇ ਤੇ ਬਲਵੰਡ ਵਿਚ ਇਸ ਪ੍ਰਕਾਰ ਲਿਖਿਆ ਹੈ।

'ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ'

ਗੁਰੂ ਅਮਰਦਾਸ ਜੀ ਦੇ ਸਮੇਂ ਤਾਂ ਗੋਇੰਦਵਾਲ ਇਹ ਨੀਯਮ ਬਣ ਗਿਆ ਸੀ ਕਿ ਜੋ ਗੁਰੂ ਕੇ ਦਰਸ਼ਨ ਨੂੰ ਆਵੇ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕੇ। ਗੁਰੂ ਜੀ ਵਲੋਂ ਚਲਾਈ ਇਹ ਪੰਗਤ ਦੀ ਰੀਤੀ ਸਦੀਆਂ ਤੋਂ ਚਲੀ ਆ ਰਹੀ ਛੂਤ ਤੇ ਵਰਣ ਵੰਡ ਨੂੰ ਖਤਮ ਕਰਨ ਦਾ ਅਮਲੀ ਸਾਧਨ ਸੀ। ਜੋ ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਅਜ ਤਕ ਉਸੇ ਤਰ੍ਹਾਂ ਵਰਤਿਆ ਜਾ ਰਿਹਾ ਹੈ। ਅਜ ਭੀ ਗੁਰਦੁਆਰਿਆਂ ਨਾਲ ਲੰਗਰ ਸੰਬੰਧਤ ਹਨ ਜਿਨ੍ਹਾਂ ਅੰਦਰ ਲਗੀਆਂ ਪੰਗਤਾਂ ਦੇ ਦਰਿਸ਼ ਗੈਰ ਲੋਕਾਂ ਅਤੇ ਪਰਦੇਸੀਆਂ ਲਈ ਇਕ ਵਡਾ ਅਚੰਭਾ ਹਨ। ਦੋ ਨੁਕਤੇ ਪੰਗਤ ਦੇ ਸੰਬੰਧ ਵਿਚ ਵਿਸ਼ੇਸ਼ ਧਿਆਨ ਯੋਗ ਹਨ। ਪਹਿਲਾ ਹੈ ਲੰਗਰ ਵਿਚ ਪਕਾਈ ਜਾਂਦੀ ਰਸਦ ਬਾਰੇ, ਇਹ ਭਾਵੇਂ ਕਿਸੇ ਦੇ ਨਿਜੀ ਭੰਡਾਰੇ ਵਿਚੋਂ ਆਵੇ, ਲੰਗਰ ਗੁਰੂ ਕਾ ਹੀ ਕਹਾਉਂਦਾ ਹੈ ਇਸ ਵਿਚ ਕਿਸੇ ਦੇ ਨਿਜਤਵ ਨੂੰ ਕੋਈ ਥਾਂਉ ਨਹੀਂ, ਬਾਵਜੂਦ ਇਸ ਗੱਲ ਦੇ ਹਰ ਸਿਖ ਜੋ ਕੁਝ ਦਾਨ ਪੁੰਨ ਕਰਦਾ ਹੈ ਉਸ ਦੀ ਪਹਿਲੀ ਇੱਛਾ ਇਹੋ ਹੁੰਦੀ ਹੈ ਕਿ ਉਸ ਦੀ ਦਿਤੀ ਰਸਦ ਜਾਂ ਮਾਇਆ ਗੁਰੂ ਕੇ ਲੰਗਰ ਲਈ ਵਰਤੀ ਜਾਵੇ। ਦੂਜੀ ਗੱਲ ਹੈ ਲੰਗਰ ਦੀ ਸੇਵਾ ਦੀ, ਜਿਸ ਨੂੰ ਗੁਰੂ ਕਾ ਸਿਖ ਵਡੇ ਫਖਰ ਨਾਲ ਕਰਦਾ ਹੈ। ਇਹੋ ਕਾਰਨ ਹੈ ਕਿ ਗੁਰੂ ਕੇ ਲੰਗਰ ਅੰਦਰ ਅਮੀਰ ਤੇ ਰਾਜ ਘਰਾਣਿਆਂ ਦੀਆਂ ਇਸਤਰੀਆਂ ਮਰਦ ਭੀ ਜੂਠੇ ਭਾਂਡੇ ਮਾਂਜਣ ਵਿਚ ਖੁਸ਼ੀ ਪ੍ਰਤੀਤ ਕਰਦੇ ਹਨ।

ਹਥੀਂ ਸੇਵਾ ਅਤੇ ਦੁਖੀਏ ਦੇ ਦੁਖ ਵੰਡਾਉਣ ਦੇ ਕਰਤਵ ਨੂੰ ਗੁਰੂ ਜੀ ਨੇ ਮਹਾਨ ਵਡੀ ਵਡਿਆਈ ਦਿਤੀ ਹੈ। ਜੋ ਸੇਵਾ ਨਹੀਂ ਕਰਦੇ ਉਨ੍ਹਾਂ ਬਾਰੇ ਲਿਖਿਆ ਹੈ

'ਵਿਣ ਸੇਵਾ ਧਿਗ ਹਥ ਪੈਰ ਹੋਰ ਨਿਹਫਲ ਕਰਣੀ' ਭਾਈ ਗੁਰਦਾਸ ਜੀ

(੪) ਪੋਥੀ : ਗੁਰੂ ਨਾਨਕ ਦੇਵ ਜੀ ਜਿਥੇ ਭੀ ਜਾਂਦੇ, ਮੌਕੇ ਦੇ ਅਨਕੂਲ ਬਾਣੀ ਉਚਾਰਦੇ । ਰਵਾਇਤ ਹੈ ਕਿ ਜਦੋਂ ਆਪ ਬਾਣੀ ਉਚਾਰਨ ਲਗਦੇ ਆਪ ਮਰਦਾਨੇ ਨੂੰ ਕਹਿੰਦੇ 'ਮਰਦਾਨਿਆਂ. ਛੇੜ ਰਬਾਬ, ਬਾਣੀ ਆਈਆ' ਕਰਤਾ ਪੁਰਖ ਵਲੋਂ ਆਪ ਨੂੰ ਇਕ ਆਦੇਸ ਹੁੰਦਾ, ਜੋ ਆਪ ਦੇ ਅਨੁਭਵ ਤੋਂ ਜਾਗਦਾ, ਜਿਸ ਨੂੰ ਸਥਾਨ ਦੇ ਅਨਕੂਲ ਭਾਸ਼ਾ ਅੰਦਰ ਆਪ ਬਾਣੀ ਰੂਪ ਦੇਂਦੇ । ਇਸ ਨੂੰ ਸ਼ਰਧਾਵਾਨ ਲੋਕ ਲਿਖ ਲੈਂਦੇ, ਜੋ ਲਿਖਤਾਂ ਸਮਾਂ ਪਾ ਕੇ ਪੋਥੀ ਦਾ ਰੂਪ ਲੈ ਲੈਂਦੀਆਂ । ਜਿਨਾਂ ਭਗਤਾਂ ਪਿਆਰਿਆਂ ਨਾਲ ਗੁਰੂ ਜੀ ਦੇ ਵਿਚਾਰ ਵਟਾਂਦਰੇ ਹੁੰਦੇ ਉਨਾਂ ਦੇ ਉਚਾਰਨ ਕੀਤ ਸ਼ਬਦ ਭੀ ਕਈ ਵਾਰ ਲਿਖ ਲੈ ਜਾਂਦੇ ਅਤੇ ਉਹ ਭੀ ਉਕਤ ਪੋਥੀ ਦਾ ਭਾਗ ਬਣ ਜਾਂਦੇ ।

ਇਹ ਪੋਥੀ ਓਹ ਸਚਾਈਆਂ ਸਨ, ਜੋ ਕਰਤਾ ਪੁਰਖ ਨਾਲ ਇਕ ਸੁਰ ਹੋਣ ਤੇ ਗੁਰੂ ਜੀ ਦੇ ਅੰਦਰੋਂ ਉਗਮਦੀਆਂ, ਜਿਨ੍ਹਾਂ ਨੂੰ ਪਾ ਕੇ ਆਪ ਡੂੰਘੇ ਵਿਸਮਾਦ ਅੰਦਰ ਟਿਕ ਜਾਂਦੇ, ਜਿਸ ਦੀ ਬਾਬਤ ਪੰਜਵੇਂ ਜਾਮੇ ਅੰਦਰ ਆਪ ਨੇ ਕਿਹਾ :

'ਅਚਰਜੁ ਕਛੁ ਕਹਣੁ ਨਾ ਜਾਈ–ਬਸਤੁ ਅਗੋਚਰ ਭਾਈ' (ਰਾਮਕਲੀ) ਇਉਂ ਰਚੀ ਗਈ ਬਾਣੀ ਆਪ ਨੂੰ ਅਤਿ ਰਹਸਮਈ ਰੰਗ ਅੰਦਰ ਰੰਗ ਦੇਂਦੀ ਜਿਸ ਲਈ ਗੁਰੂ ਜੀ ਆਪ ਇਸ ਬਾਣੀ ਦਾ ਅਤੇ ਜਿਸ ਪੋਥੀ ਵਿਚ ਇਹ ਬਾਣੀ ਦਰਜ ਸੀ ਉਸ ਦਾ ਪੂਰਨ ਸਤਕਾਰ ਕਰਦੇ ਅਤੇ ਉਸ ਨੂੰ ਹਮੇਸ਼ਾਂ ਆਪਨੇ ਪਾਸ ਰਖਦੇ । ਭਾਈ ਗੁਰਦਾਸ ਜੀ ਆਪਨੀ ਪਹਿਲੀ ਵਾਰ ਦੀ ਬਤੀਵੀਂ ਪਉੜੀ ਅੰਦਰ 'ਆਸਾ ਹਥ ਕਿਤਾਬ ਕਛ' ਲਿਖ ਕੇ ਜਿਸ ਕਿਤਾਬ ਵੱਲ ਇਸ਼ਾਰਾ ਕਰਦੇ ਹਨ, ਉਹ ਇਹੋ ਪੋਥੀ ਹੀ ਸੀ ।

ਇਸ ਪੋਥੀ ਦੀ ਮਹਾਨਤਾ ਅਤੇ ਇਸ ਦੇ ਅੰਦਰਲੇ ਪ੍ਰਕਾਸ਼ ਸਰੂਪ ਦਾ ਧਿਆਨ ਧਰ ਕੇ ਹੀ ਗੁਰੂ ਅਰਜਨ ਦੇਵ ਜੀ ਨੇ 'ਪੋਥੀ ਪਰਮੇਸਰ ਕਾ ਥਾਨੁ' ਅਤੇ 'ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ' ਕਥਿਆ ਸੀ । ਇਹ ਪੋਥੀ ਹੀ ਓਹ ਅਤੁਟ ਖ਼ਜ਼ਾਨਾ ਸੀ ਜਿਸ ਬਾਰੇ ਆਪ ਨੇ ਕਿਹਾ :

'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ–ਤਾਂ ਮੇਰੈ ਮਨਿ ਭਇਆ ਨਿਧਾਨਾ' ਮਹਲਾ੫

ਇਹੋ ਪੋਥੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅੰਗਦ ਦੇਵ ਜੀ ਪਾਸ ਅਤੇ ਇਸ ਪ੍ਰਕਾਰ ਅਗੇ ਤੋਂ ਅਗੇ ਚਲਦੀ ਗਈ ਅਤੇ ਹਰ ਗੁਰੂ ਸਾਹਿਬ ਵਲੋਂ ਇਸ ਵਿਚ ਹੋਰ ਵਾਧਾ ਕੀਤਾ ਜਾਂਦਾ ਰਿਹਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਪਾਸ ਇਸ ਤਰ੍ਹਾਂ ਪੁਜੀ ਸਾਰੀ ਬਾਣੀ, ਆਪਨੀ ਰਚੀ ਬਾਣੀ ਅਤੇ ਹੋਰ ਸੰਤਾਂ ਮਹਾਂ ਪੁਰਖਾਂ ਤੇ ਭਗਤਾਂ ਦੀਆਂ ਰਚਨਾਵਾਂ ਨੂੰ ਸ਼ਾਮਲ ਕਰਕੇ ਗੁਰੂ ਗਰੰਥ ਸਾਹਿਬ ਦਾ ਸੰਪਾਦਨ ਕੀਤਾ ਅਤੇ ਇਸ ਤਰ੍ਹਾਂ ਹਿੰਦੂ ਮੁਸਲਮਾਨ ਅਤੇ ਹੋਰ ਮਤਾਂ ਮਤਾਂਤਰਾ ਤੇ ਉਚੀਆਂ ਨੀਵੀਆਂ ਜ਼ਾਤਾਂ ਦੇ ਮਹਾਂਪੁਰਖਾਂ ਦੀਆਂ ਰਚਨਾਵਾਂ ਨੂੰ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਨਾਲ ਤੁਲਨਾ ਦੇਂਦੇ ਹੋਏ ਸਭ ਨੂੰ ਇਕੋ ਗਰੰਥ ਅੰਦਰ ਇਕਠਾ ਕਰਕੇ ਮਨੁਖ ਦੀ ਏਕਤਾ ਤੇ ਸਮਾਨਤਾ ਦਾ ਵਡਾ ਸਬੂਤ ਦਿਤਾ ਅਤੇ ਵੇਦਾਂ ਸ਼ਾਸਤਰਾਂ, ਕੁਰਾਨ ਅੰਜੀਲ ਆਦੀ ਧਰਮ ਗਰੰਥਾਂ ਦੇ ਮੁਕਾਬਲੇ ਤੇ ਇਕ ਮਹਾਨ ਉਤਮ ਗਰੰਥ ਦੀ ਸਥਾਪਨਾ ਕੀਤੀ।

ਜਿਨਾਂ ਮਹਾਂ ਪੁਰਖਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਹੈ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

ਨਾਮ ਤੇ ਕਾਲ		ਜ਼ਾਤ	ਦੇਸ	ਕੁਲ ਸ਼ਬਦ
੧. ਗੁਰੂ ਨਾਨਕ ਦੇਵ ਜੀ	(੧੪੬੯–੧੫੩੯)	ਬੇਦੀ	ਪੰਜਾਬ	੯੭੪
੨. ਗੁਰੂ ਅੰਗਦ ਦੇਵ ਜੀ	(੧੫੦੪–੧੫੫੨)	ਤ੍ਰੇਹਨ	,,	੬੨
੩. ਗੁਰੂ ਅਮਰ ਦਾਸ ਜੀ	(੧੪੭੯–੧੫੭੪)	ਭੱਲੇ	,,	੯੦੭
੪. ਗੁਰੂ ਰਾਮ ਦਾਸ ਜੀ	(੧੫੩੪–੧੫੮੧)	ਸੋਢੀ	,,	੬੭੯
੫. ਗੁਰੂ ਅਰਜਨ ਦੇਵਜੀ	(੧੫੬੩–੧੬੦੬)	ਸੋਢੀ	ਪੰਜਾਬ	੨੨੧੮
੬. ਗੁਰੂਤੇਗਬਹਾਦਰਜੀ	(੧੬੨੧–੧੬੭੫)	,,	,,	੧੧੫
੭. ਗੁਰੂ ਗੋਬਿੰਦ ਸਿੰਘਜੀ	(੧੬੬੬–੧੭੦੮)	,,	,,	੧
੮. ਕਬੀਰ ਜੀ	(੧੩੯੯–੧੪੯੫)	ਜੁਲਾਹਾ	ਯੂ.ਪੀ.	੫੪੧
੯. ਨਾਮਦੇਵ ਜੀ	(੧੨੭੦–੧੩੫੦)	ਛੀਂਬਾ	ਮਹਾਰਾਸ਼ਟਰ	੬੦
੧੦. ਰਵਿਦਾਸ ਜੀ	(ਸੋਲ੍ਹਵੀਂ ਸਦੀ)	ਚਮਾਰ	ਯੂ. ਪੀ.	੪੧
੧੧. ਫਰੀਦ ਜੀ	(੧੧੭੩–੧੨੬੫)	ਮੁਸਲਮਾਨ	ਪੰਜਾਬ	੧੩੩

੧੨.	ਤ੍ਰਿਲੋਚਨ ਜੀ	(ਜਨਮ ੧੨੬੯)	ਬ੍ਰਾਹਮਣ	ਮਹਾਰਾਸ਼ਟਰ	੪
੧੩.	ਬੇਣੀ ਜੀ	—	,,	ਬਿਹਾਰ	੩
੧੪.	ਧੰਨਾ ਜੀ	(ਜਨਮ ੧੪੧੬)	ਜੱਟ	ਰਾਜਸਥਾਨ	੪
੧੫.	ਜੈ ਦੇਵ ਜੀ	(ਬਾਰ੍ਹਵੀਂ ਸਦੀ)	ਬ੍ਰਾਹਮਣ	ਬੰਗਾਲ	੨
੧੬.	ਭੀਖਨ ਜੀ	(ਦੇਹਾਂਤ ੧੫੭੪)	ਮੁਸਲਮਾਨ	ਯੂ. ਪੀ.	੨
੧੭.	ਸੈਣ ਜੀ	—	ਨਾਈ	ਰੀਵਾ	੧
੧੮.	ਪੀਪਾ	(ਜਨਮ ੧੪੨੬)	ਬ੍ਰਾਹਮਣ	ਗੁਜਰਾਤ	੧
੧੯.	ਸਧਨਾ	—	ਕਸਾਈ	ਸਿੰਧ	੧
੨੦.	ਰਾਮਾ ਨੰਦ	(੧੩੬੬-੧੪੬੭)	ਬ੍ਰਾਹਮਣ	ਯੂ. ਪੀ.	੧
੨੧.	ਪਰਮਾਂ ਨੰਦ	—	,,	ਮਹਾਰਾਸ਼ਟਰ	੧
੨੨.	ਸੂਰ ਦਾਸ	(੧੫੨੬-)	,,	ਪੰਜਾਬ	੨
੨੩.	ਸੁੰਦਰ	(ਸੋਲਵੀਂ ਸਦੀ)	ਖਤਰੀ	,,	੬
੨੪.	ਮਰਦਾਨਾ	(ਸੋਲ੍ਹਵੀਂ ਸਦੀ)	ਮਿਰਾਸੀ	,,	੩
੨੫.	ਸੱਤਾ	,,	ਡੂਮ	,,	੫
੨੬.	ਬਲਵੰਡ	,,	ਰਾਅ ਭਟ	,,	੫
੨੭.	ਕਲਸਹਾਰ	,,	,,	,,	੫੪
੨੮.	ਜਾਲਪ	,,	ਭਟ	,,	੫
੨੯.	ਕੀਰਤ	ਸੋਲ੍ਹਵੀਂ ਸਦੀ	ਭਟ	ਪੰਜਾਬ	੮
੩੦.	ਸੱਲ	,,	,,	,,	੩
੩੧.	ਭੱਲ	,,	,,	,,	੧
੩੨.	ਨੱਲ	,,	,,	,,	੧੬
੩੩.	ਭਿਖਾ	,,	,,	,,	੨
੩੪.	ਗਯੰਦ	,,	,,	,,	੧੩
੩੫.	ਬੱਲ	,,	,,	,,	੫
੩੬.	ਹਰਬੰਸ	,,	,,	,,	੨
੩੭.	ਮਥੁਰਾ	,,	,,	,,	੧੪
			ਕੁਲ ਜੋੜ ਸ਼ਬਦ		੫੮੯੬

ਇਸ ਗ੍ਰੰਥ ਸਾਹਿਬ ਜੀ ਨੂੰ ਇਕ ਥਾਲ ਨਾਲ ਤੁਲਨਾ ਦੇਂਦੇ ਹੋਏ ਗੁਰੂ ਜੀ ਇਸ ਥਾਲ ਅੰਦਰ ਪਰੋਸੇ ਪਦਾਰਥਾਂ ਦਾ ਵਰਨਣ ਇਨਾਂ ਸ਼ਬਦਾਂ ਵਿਚ ਕਰਦੇ ਹਨ :

'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ।
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ,' ਮਹਲਾ ੫

ਇਸ ਬਾਣੀ ਨੂੰ ਗੁਰੂ ਜੀ ਨੇ 'ਬਾਣੀਆ ਸਿਰਿ ਬਾਣੀ', (ਮਹਲਾ ੩) 'ਅੰਮ੍ਰਿਤ ਸਾਰ' ਅਤੇ ਅਲਭ ਭੋਜਣ ਕਹਿ ਕੇ ਵਡਿਆਇਆ ਹੈ । ਇਹ ਬਾਣੀ ਹੀ ਗੁਰੂ ਹੈ 'ਬਾਣੀ ਗੁਰੂ, ਗੁਰੂ ਹੈ ਬਾਣੀ' (ਮਹਲਾ ੫) ਬਲਕਿ ਇਹ ਬਾਣੀ ਹੀ ਓਹ ਅੰਮ੍ਰਿਤ ਨਾਮੁ ਹੈ ਜਿਸ ਦੇ ਸਿਮਰਨ ਦੀ ਵਾਰ ਵਾਰ ਤਾਕੀਦ ਕੀਤੀ ਹੈ । ਸੰਸਾਰ ਦੇ ਜੀਵਾਂ ਲਈ ਇਹ ਬਾਣੀ ਹੀ ਉਹ ਚਾਨਣ ਹੈ ਜੋ ਅਗਿਆਨਤਾ ਦੇ ਘੁਪ ਹਨੇਰੇ ਵਿਚ ਜੀਵਨ ਜੁਗਤੀ ਦਾ ਰਸਤਾ ਵਿਖਾਉਣ ਵਾਸਤੇ ਲੋ ਕਰਦਾ ਹੈ । 'ਗੁਰਬਾਣੀ ਇਸੁ ਜਗ ਮਹਿ ਚਾਨਣੁ' (ਮਹਲਾ ੩) ਗੁਰੂ ਜੀ ਆਪ ਇਸ ਬਾਣੀ ਦਾ ਕਿਤਨਾ ਸਤਕਾਰ ਕਰਦੇ ਸਨ, ਇਸ ਦੀਆਂ ਗੁਰ ਇਤਿਹਾਸ ਅੰਦਰ ਅਨੇਕਾਂ ਮਿਸਾਲਾਂ ਹਨ। ਬਾਬੇ ਮੋਹਣ ਪਾਸੋਂ ਬਾਣੀ ਦੀਆਂ ਪੋਥੀਆਂ ਨੂੰ ਗੁਰੂ ਅਰਜਨ ਦੇਵ ਜੀ ਪਾਲਕੀ ਅੰਦਰ ਆਪਨੇ ਮੋਢਿਆਂ ਪਰ ਉਠਾ ਕੇ ਨੰਗੇ ਪੈਰੀ ਗੋਇੰਦ ਵਾਲ ਤੋਂ ਸ੍ਰੀ ਰਾਮ ਦਾਸ ਪੁਰ (ਅੰਮ੍ਰਿਤਸਰ) ਲੈ ਗਏ, ਗੁਰੂ ਹਰਿ ਰਾਇ ਸਾਹਿਬ ਦਾ ਬਾਣੀ ਦੇ ਸਤਕਾਰ ਅੰਦਰ ਪਲੰਗ ਤੋਂ ਜਲਦੀ ਨਾਲ ਉਠਨਾ ਅਤੇ ਬਾਣੀ ਦੇ ਇਕ ਪਦ ਨੂੰ ਜਾਣ ਬੁਝ ਕੇ ਬਦਲ ਦੇਣ ਕਾਰਨ ਆਪਨੇ ਵਿਦਵਾਨ ਅਤੇ ਲਾਇਕ ਪੁੱਤਰ ਰਾਮ ਰਾਇ ਨੂੰ ਹਮੇਸ਼ਾ ਲਈ ਛੇਕ ਦੇਣਾ ਅਤੇ ਫੇਰ ਕਦੀ ਮੂੰਹ ਨ ਲਾਉਣਾ ਇਸ ਦੇ ਕੁਝ ਕੁ ਉਦਾਹਰਨ ਹਨ।

ਗੁਰ ਹਰਿ ਰਾਇ ਜੀ ਦਾ ਇਹ ਕਰਤਵ ਆਪ ਦੇ ਅੰਦਰ ਬਾਣੀ ਦਾ ਸਤਿਕਾਰ ਦਰਸਾਉਣ ਤੋਂ ਇਲਾਵਾ ਇਹ ਭੀ ਦ੍ਰਿੜ ਕਰਾਉਂਦਾ ਹੈ ਕਿ ਆਪ ਅਸੂਲ ਅਤੇ ਸਚਾਈ ਉਤੇ ਡਟ ਜਾਣ ਵਿਚ ਕਿੰਨੇ ਪਰਪੱਕ ਸਨ। ਅਸੂਲ ਦੀ ਦ੍ਰਿੜਤਾ ਉਤੋਂ ਆਪ ਨੇ ਆਪਣੇ ਜੇਠੇ ਅਤੇ ਆਲਮ ਪੁਤਰ ਦੇ ਪਿਆਰ ਨੂੰ ਹੀ ਕੁਰਬਾਨ ਨਹੀਂ ਕਰ ਦਿਤਾ ਬਲਕਿ ਔਰੰਗਜ਼ੇਬ ਵਰਗੇ ਜਾਬਰ ਬਾਦਸ਼ਾਹ ਜਿਸ ਦੇ ਦਰਬਾਰ ਅੰਦਰ ਰਾਮ ਰਾਇ ਵਿਸ਼ੇਸ਼ ਥਾਂ ਪ੍ਰਾਪਤ ਕਰ ਚੁਕਾ ਸੀ, ਦੇ ਗੁੱਸਮ ਜਾਂ

ਨਾਰਾਜ਼ਗੀ ਦੀ ਭੀ ਆਪ ਨੇ ਰਤਾ ਪ੍ਰਵਾਹ ਨਹੀਂ ਕੀਤੀ। ਸਗੋਂ ਗੁਰੂ ਜੀ ਨੇ ਆਪਣੇ ਸਿਖਾਂ ਨੂੰ ਰਾਮ ਰਾਇ ਦੀ ਔਲਾਦ ਤਥਾ ਸਵਕਾ ਨਾਲ ਮੇਲ ਜੋਲ ਰਖਣ ਤੋਂ ਭੀ ਹਮੇਸ਼ਾਂ ਲਈ ਰੋਕ ਦਿਤਾ। ਗੁਰੂ ਹਰਿ ਰਾਇ ਸਾਹਿਬ ਦੀ ਇਹ ਦ੍ਰਿੜਤਾ, ਮਨੁਖਤਾ, ਖਾਸ ਕਰਕੇ ਗੁਰੂ ਕੇ ਸਿਖਾਂ ਲਈ, ਕਿੰਨੀ ਮਹਾਨ ਸਿਖਿਆ ਦੇਣ ਵਾਲੀ ਹੈ। ਕਿਸੇ ਅਸੂਲ ਨੂੰ ਤੋੜਨ ਵਾਲੇ ਸਿਖ ਨਾਲ ਦੂਜੇ ਗੁਰ ਸਿਖ ਦਾ ਕੀ ਵਤੀਰਾ ਹੋਣਾ ਚਾਹੀਦਾ ਹੈ, ਗੁਰੂ ਜੀ ਦੀ ਇਸ ਜੀਵਣ ਘਟਨਾ ਤੋਂ ਸਪਸ਼ਟ ਹੈ। ਜੋ ਸਿੰਘ ਗੁਰੂ ਹਰਿ ਰਾਇ ਜੀ ਦੀ ਇਸ ਅਦੁਤੀ ਕੁਰਬਾਨੀ ਅਤੇ ਦਲੇਰੀ ਨੂੰ ਅਪਨਾਅ ਨਹੀਂ ਸਕਦੇ ਉਨ੍ਹਾਂ ਦੇ ਸਵੇਰੇ ਸ਼ਾਮ 'ਸਿਮਰੋ ਸ੍ਰੀ ਹਰਿ ਰਾਇ' ਕਹਿਣ ਦੇ ਕੀ ਅਰਥ ਹਨ ?

(ਪ) **ਬਲੀ :** ਸਤਿਗੁਰੂ ਸਾਹਿਬਾਨ ਨੇ '੧ਓ 'ਸੰਗਤ' ਪੰਗਤ ਅਤੇ' ਪੋਥੀ' ਨਾਲ ਪੰਜਵੀਂ ਚੀਜ਼ ਜੋ ਸੰਸਾਰ ਨੂੰ ਦਿਤੀ ਓਹ ਸੀ ਨਿਜ ਸਰੂਪ ਦੀ ਬਲੀ ਦੇਣ ਦਾ ਗੁਣ। ਦਾਨ ਦੇਣਾ ਭਾਰਤੀ ਧਰਮ ਦਾ ਕਰਤਵ ਪੁਰਾਤਨ ਸਮੇਂ ਤੋਂ ਰਿਹਾ ਹੈ। ਅਤੇ ਦਾਨ ਦੇ ਨਾਮ ਤੇ ਧਰਮੀ ਲੋਕ ਬਹੁਤ ਕੁਝ ਦੇਂਦੇ ਰਹੇ ਹਨ। ਧਨ ਦਾਨ, ਧਾਮ ਦਾਨ, ਭੂਮਦਾਨ ਪੁੱਤਰ ਦਾਨ, ਨਾਰੀ ਦਾਨ, ਦਾਨ ਦੀਆਂ ਕੁਝ ਕੁ ਵਿਸ਼ੇਸ਼ ਕਿਸਮਾਂ ਹਨ ਅਤੇ ਸ਼ਾਸਤ੍ਰ ਰੀਤੀ ਅੰਦਰ ਸਰੀਰ ਦਾਨ ਦੀ ਭੀ ਵਡੀ ਮਹਤਤਾ ਹੈ।

'ਨਿਮਖ ਨਿਮਖ ਕਰਿ ਸਰੀਰੁ ਕਟਾਵੈ' ਮਹਲਾ ੫

ਪ੍ਰੰਤੂ ਇਹ ਸਾਰੇ ਦਾਨ ਕਿਸੇ ਨਿਜੀ ਸੁਆਰਥ ਸਿਧੀ ਲਈ ਜਾਂ ਕਿਸੇ ਦੇਵੀ ਦੇਵਤਾ ਤਥਾ ਇਸ਼ਟ ਦੀ ਪ੍ਰਸੰਤਾ ਹਾਸਲ ਕਰਨ ਲਈ ਕੀਤੇ ਜਾਂਦੇ ਸਨ, ਜੋ ਦਾਨੀ ਦੀ ਆਪਣੀ ਹਉਮੈ ਨੂੰ ਬਲਵਾਨ ਕਰਦੇ ਜਾਂ ਇਸ਼ਟ ਦੇਵਤਾ ਦੇ ਪ੍ਰਸੰਨ ਹੋ ਜਾਣ ਤੇ ਮੁਕਤ ਪ੍ਰਾਪਤੀ ਦਾ ਸਾਧਨ ਕਹੇ ਜਾਂਦੇ ਸਨ। ਹਰ ਹਾਲਤ ਵਿਚ ਅਜੇਹੇ ਦਾਨ ਦਾ ਨਿਸ਼ਾਨਾ ਕੁਝ ਪ੍ਰਾਪਤੀ ਹੀ ਹੁੰਦਾ ਸੀ ਭਾਵੇਂ ਇਹ ਕਿਸੇ ਸਰੀਰਕ ਸੁਖ ਦੀ ਇਛਾ ਸੀ ਜਾਂ ਮੁਕਤੀ ਦੀ ਖਾਹਸ਼, ਇਸ ਦੇ ਅੰਦਰ ਕੁਝ ਲੈਣ ਦੀ ਭਾਵਨਾ ਮੌਜੂਦ ਹੁੰਦੀ ਸੀ। ਇਸ ਦੇ ਉਲਟ ਗੁਰੂ ਜੀ ਦੇ ਧਰਮ ਕੋਡ ਅੰਦਰ ਦੇਣਾ ਹੀ ਦੇਣਾ ਹੈ ਲੈਣ ਦੀ ਇਛਾ ਰਖਣਾ ਭੀ ਦਰੁਸਤ ਨਹੀਂ 'ਸੇਵਾ ਕਰਤ ਹੋਇ ਨਿਹਕਾਮੀ' ਸੁਖਮਨੀ ਮ: ੫

'ਫਰੀਦਾ ਜਾ ਲਬੁ ਤਾ ਨੇਹੁ ਕਿਹਾ ਲਬੁ ਤਾ ਕੂੜਾ ਨੇਹੁ' (ਸਲੋਕ ਫ਼ਰੀਦ ਜੀ)

ਬਿਨਾਂ ਕਿਸੇ ਪ੍ਰਾਪਤੀ ਦੀ ਇੱਛਾ ਦੇ ਲੋੜਵੰਦ ਨੂੰ ਕੁਝ ਦੇਣਾ ਤਥਾ ਉਸ ਦੀ ਸੇਵਾ ਕਰਨੀ, ਕਿਸੇ ਦੇ ਸੁਖ ਵਿਚ ਵਾਧਾ ਕਰਨ ਅਥਵਾ ਦੁਖੀ ਦਾ ਦੁਖ ਦੂਰ ਕਰਨ ਲਈ ਆਪਨੇ ਆਪ ਨੂੰ ਕਸ਼ਟ ਵਿਚ ਪਾਉਣਾ ਅਤੇ ਅਜੇਹਾ ਕਰਦਿਆਂ ਜੇ ਕਰ ਆਪਣਾ ਸਰੀਰ ਭੀ ਲਗ ਜਾਵੇ ਤਾਂ ਲਾ ਦੇਣਾ ਜਾਂ ਅਸੂਲ ਦੀ ਦ੍ਰਿੜਤਾ ਅਤੇ ਸਚ ਨੂੰ ਉਜਾਗਰ ਕਰਨ ਵਾਸਤੇ ਆਪਣਾ ਸਭ ਕੁਝ ਘਰ-ਘਾਟ, ਸਰਬੰਸ ਅਤੇ ਆਪਣਾ ਆਪ ਲਾ ਦੇਣਾ ਗੁਰੂ ਜੀ ਨ ਸਿਖਾਇਆ :

'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਮਹਲਾ ੫

ਪਰਉਪਕਾਰ ਵਾਸਤੇ ਮਨ ਅੰਦਰ ਉਮਾਹ ਹੋਣਾ। ਆ ਬਣੀ ਉਤੇ ਸਰੀਰ ਭੇਟ ਕਰ ਦੇਣਾ ਹਰ ਗੱਲ ਹੈ ਪਰੰਤੂ ਪਰਾਏ ਦੇ ਭਲੇ ਤਥਾ ਸਚ ਦੀ ਸਥਾਪਤੀ ਲਈ ਜੀਵਨ ਤਕ ਅਰਪਨ ਕਰ ਦੇਣ ਦੇ ਉਤਸ਼ਾਹ ਵਿਚ ਰਹਿਣਾ ਹੋਰ ਗੱਲ। ਹਮੇਸ਼ਾ ਇਸ ਚਾਓ ਵਿਚ ਜੀਊਣਾ ਕਿ ਮੇਰਾ ਅਪਨਾ ਆਪ ਪਰ ਉਪਕਾਰ ਵਿਚ ਲਗ ਜਾਵੇ ਅਤੇ ਜਦੋਂ ਲੋੜ ਪਵੇ ਇਸ ਤੋਂ ਸੰਕੋਚ ਨਾ ਹੋਵੇ, ਇਹ ਸੀ ਨਿਸ਼ਾਨਾ ਜਿਸ ਦੇ ਅਪਨਾਉਣ ਲਈ ਗੁਰੂ ਜੀ ਹਰ ਪ੍ਰਾਣੀ ਮਾਤਰ ਨੂੰ ਤਿਆਰ ਕਰਨਾ ਚਾਹੁੰਦੇ ਸਨ। ਅਜੇਹਾ ਜੀਵਨ ਬਨਾਉਣ ਦਾ ਸਾਧਨ ਸੀ 'ਹੁਕਮਿ ਰਜ਼ਾਈ ਚਲਣਾ' ਜਪੁਜੀ।

ਜਿਸ ਸਮਰਥ ਮਾਲਕ ਦੀ ਰਜ਼ਾ ਨੂੰ ਪਲਟ ਸਕਨਾ ਕਿਸੇ ਲਈ ਸੰਭਵ ਨਹੀਂ ਉਸ ਨੂੰ ਖੁਸ਼ੀ ੨ ਕਬੂਲਨਾ ਅਥਵਾ 'ਜੋ ਕੀਨੀ ਕਰਤਾਰਿ ਸਾਂਈ ਭਲੀ ਗਲ' ਮਹਲਾ ੫

ਮੰਨ ਕੇ ਉਸ ਉਤੇ ਝੋਰਾ ਜਾਂ ਗਿਲਾ ਨਾ ਕਰਨਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਵਿਚ ਫਰਮਾਇਆ ਸੀ :

'ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀਂ ਜਾਨਿਓ

ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੈ ਮਾਨਿਓ ਮਹਲਾ ੫

ਅਤੇ ਜਦੋਂ ਸਮਾਂ ਆਇਆ ਅਤੇ ਸਚ ਦੀ ਸਥਾਪਤੀ ਲਈ ਆਪ ਨੂੰ ਅਸਹਿ ਕਸ਼ਟ ਭੋਗਣ ਦਾ ਹੁਕਮ ਹੋਇਆ ਤਾਂ ਆਪ ਨੇ ਆਪਨੇ ਕਥਨ ਉਤੇ ਫੁਲ ਚੜ੍ਹਾਉਂਦੇ ਹੋਏ ਆਪਨੇ ਪੰਜ ਭੂਤਕ ਸਰੀਰ ਦੀ ਬਲੀ ਸਚ ਦੇ ਨਾਮ ਤੇ ਦੇ ਦਿਤੀ। ਇਸੇ ਤਰਾਂ

'ਹਰਖ ਸੋਗ ਤੇ ਰਹੈ ਨਿਆਰਉ' ਕਹਿਣ ਵਾਲੇ ਗੁਰੂ ਤੇਗ ਬਹਾਦਰ ਜੀ ਨੇ ਸ਼ਰਣ ਆਏ ਦੁਖੀਆਂ ਦੀ ਸ਼ਰਣ ਪਾਲਨ ਅਤੇ ਅਸੂਲ ਦੀ ਦ੍ਰਿੜਤਾ ਖਾਤਰ ਆਪਣੀ ਬਲੀ ਭਾਰਤ ਦੀ ਜਗਵੇਦੀ ਉਤੇ ਦਿਤੀ।

ਗੁਰੂ ਜੀ ਦੀ ਵਿਚਾਰ ਧਾਰਾ ਉਕਤ ਪੰਜ ਲਖਸ਼ਨਾ ਦਾ ਸਰੂਪ ਲੈ ਕੇ ਸੰਸਾਰ ਦੇ ਸਾਹਮਣੇ ਆਈ ਅਤੇ ਗੁਰੂ ਜੀ ਦੇ 'ਨਾ ਹਿੰਦੂ ਨਾ ਮੁਸਲਮਾਨ' ਦੇ ਵਿਸਮਾਦੀ ਨਾਹਰੇ ਅਥਵਾ ਸੰਨ ਈਸਵੀ ੧੪੯੯ ਤੋਂ ਸ਼ੁਰੂ ਹੋ ਕੇ ਲਗਾਤਾਰ ਦੋ ਸੌ ਸਾਲ ਉਸ ਕ੍ਰਾਂਤੀ ਲਈ ਤਿਆਰੀ ਹੁੰਦੀ ਰਹੀ ਜਿਸ ਨੂੰ ਆਖਰੀ ਰੂਪ Final Shape ਗੁਰ ਗੋਬਿੰਦ ਸਿੰਘ ਜੀ ਨੇ ਦੇਣਾ ਸੀ।

ਜ਼ਹੂਰ

ਕਿਸੇ ਵਿਚਾਰ ਧਾਰਾ (ideology) ਨੂੰ ਮੰਨਣ ਵਾਲੇ ਜਾਂ ਇਕ ਨਿਸ਼ਾਨੇ ਵੱਲ ਤੁਰਣ ਵਾਲੇ ਤਾਂ ਹੀ ਇਕੱਠੇ ਤੁਰ ਸਕਦੇ ਹਨ ਜੇ ਉਨ੍ਹਾਂ ਦਾ ਆਪੋ ਵਿਚ ਨੇੜ ਪੈਦਾ ਕਰਨ ਦਾ ਕੋਈ ਸਾਧਨ ਹੋਵੇ। ਜੇਕਰ ਉਹ ਇਕੱਠੇ ਹੋਕੇ ਨਾ ਤੁਰਣ ਤਾਂ ਉਨ੍ਹਾਂ ਦੀ ਵਿਚਾਰ ਧਾਰਾ ਕਮਜ਼ੋਰ ਹੋ ਕੇ ਭਾਂਤ ੨ ਦੀਆਂ ਹੋਰ ਵਿਚਾਰ ਧਾਰਾਂ ਅੰਦਰ ਸਮਾ ਜਾਂਦੀ ਹੈ। ਚੰਗੇ ਅਸੂਲ ਭੀ ਨਿਰਾ ਹਵਾ ਵਿਚ ਖਿੰਡਾ ਦੇਣ ਨਾਲ ਮਨੁਖ ਦੀ ਪਕੜ ਨਹੀਂ ਕਰ ਸਕਦੇ, ਜਦੋਂ ਤਾਂਈਂ ਸੂਝਵਾਨ ਮਨੁਖ ਸੰਗਠਤ ਤੌਰ ਉਨ੍ਹਾਂ ਅਸੂਲਾਂ ਨੂੰ ਦ੍ਰਿੜਾਉਣ ਦਾ ਸਾਧਨ ਨਾ ਕਰਨ। ਇਸ ਲਈ ਕਿਸੇ ਵਿਚਾਰ ਧਾਰਾ ਨੂੰ ਜਨਤਾ ਦੀ ਵਿਚਾਰ ਧਾਰਾ ਬਨਾਉਣ ਲਈ ਸੰਗਠਨ (organisation) ਦੀ ਲੋੜ ਹੋਇਆ ਕਰਦੀ ਹੈ। ਮੌਜੂਦਾ ਅਰਥ ਵਿਗਿਆਨ ਅੰਦਰ ਭੀ (organisation) ਨੂੰ ਵਿਸ਼ੇਸ਼ ਥਾਉਂ ਪ੍ਰਾਪਤ ਹੈ ਤਾਂ ਧਰਮ ਅੰਦਰ, ਜਿਸ ਦਾ ਵਿਸ਼ਾ ਨਿਰਾ ਹੀ ਭਾਵਵਾਚੀ ਹੈ, ਸੰਗਠਨ ਤੋਂ ਬਿਨਾ ਕਿਸੇ ਵਿਚਾਰ ਧਾਰਾ ਦਾ ਸਫਲ ਹੋਣਾ ਕਿਸ ਤਰਾਂ ਸੰਭਵ ਹੋ ਸਕਦਾ ਹੈ ? ਇਹੋ ਸੰਗਠਨ ਪੈਦਾ ਕਰਨ ਦਾ ਹੀ ਵਿਚਾਰ ਸੀ, ਜਿਸ ਨੂੰ ਸਾਮ੍ਹਣੇ ਰਖਦੇ ਹੋਏ ਸਾਰੇ ਗੁਰੂ ਸਾਹਿਬਾਨ ਨੇ ਆਪਨੇ ੨ ਸਮੇਂ ਅੰਦਰ ਤਰਾਂ ੨ ਦੇ ਸਾਧਨ ਕੀਤੇ। ਗੁਰੂ ਕੀਆਂ ਮੰਜੀਆਂ ਦੀ ਸਥਾਪਤੀ, ਸ੍ਰੀ ਹਰਿ ਮੰਦਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ, ਕੀਰਤ ਪੁਰ, ਅਨੰਦ ਪੁਰ ਸਾਹਿਬ ਆਦਿਕ ਅਸਥਾਨਾਂ ਦੀ ਕਾਇਮੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਅਤੇ ਥਾਂ ਪਰ ਥਾਂ ਗੁਰੂ ਕੀਆਂ ਸੰਗਤਾਂ ਸਥਾਪਨ ਕਰਨਾ ਇਸੇ ਸੰਗਠਨ ਦੇ ਸਾਧਨ ਸਨ, ਬਲਕਿ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਤੋਂ ਸਿਖਾਂ ਨੂੰ ਫੌਜੀ ਰੂਪ ਵਿਚ ਜਥੇਬੰਦ ਕਰਨਾ ਭੀ ਇਸੇ ਨਿਸ਼ਾਨੇ (ਗੋਲ) ਦਾ ਇਕ ਪੜਾਅ ਸੀ। ਇਸ

ਪ੍ਰਕਾਰ ਦੇ ਅਨੇਕਾਂ ਸਾਧਨ ਦੋ ਸੌ ਸਾਲ ਤਕ ਕੀਤੇ ਜਾਂਦੇ ਰਹੇ ਪ੍ਰੰਤੂ ਇਨ੍ਹਾਂ ਸਾਰਿਆਂ ਨੂੰ ਜੋੜਨਾ ਅਥਵਾ ਸਾਧਨਾ ਦੀ ਅਨੇਕਤਾ ਨੂੰ ਏਕਤਾ ਅੰਦਰ ਪਰੁਚਨਾ ਹਾਲਾਂ ਬਾਕੀ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹਿਸੇ ਆਇਆ।

ਹਰ ਸੰਗਠਨ (organisation). ਦੀ ਆਪਨੀ ਨਿਯਮਾਵਲੀ Rules & Regulations) ਹੋਇਆ ਕਰਦੀ ਹੈ ਅਤੇ ਉਸ ਵਿਚ ਸ਼ਾਮਲ ਹੋਣ ਲਈ ਕੋਈ ਸੌਂਹ ਜਾਂ ਪ੍ਰਣ ਲੈਣਾ ਅਵੱਸ਼ਕ ਹੁੰਦਾ ਹੈ। ਅਸੀਂ ਵੇਖਦੇ ਹਾਂ ਕਿ ਅਜ ਤਾਂ ਹਰ ਇਕ ਸਭਾ ਸੋਸਾਇਟੀ (Assembly) ਦਾ ਕਾਰੋ-ਬਾਰ ਅਰੰਭ ਕਰਨ ਤੋਂ ਪਹਿਲੋਂ ਉਸ ਦਾ ਹਰ ਇਕ ਮੈਂਬਰ ਆਪਣੀ ਸਭਾ ਅਤੇ ਸਭਾ ਦੀ ਵਿਚਾਰ ਧਾਰਾ ਦਾ ਵਫ ਦਾਰ ਰਹਿਣ ਦੀ ਸੌਂਹ ਲੈਂਦਾ ਹੈ।

ਜਿਸ ਵਿਚਾਰ ਧਾਰਾ ਦਾ ਪਰਚਾ ਗੁਰੂ ਜੀ ਪਾਉਣਾ ਚਾਹੁੰਦੇ ਸਨ ਉਹ ਵਿਸ਼ਵ ਅਥਵਾ ਸਾਰੇ ਸੰਸਾਰ-ਸਾਰੀ ਮਨੁਖਤਾ ਦੀ ਵਿਚਾਰਧਾਰਾ ਸੀ ਕਿਉਂਕਿ ਓਹ

'ਏਕ ਪਿਤਾ ਏਕਸ ਕੇ ਹਮ ਬਾਰਕ' ਮਹਲਾ ੫

ਦੇ ਅੰਕੁਰ ਤੋਂ ਜੰਮੀ ਅਤੇ ਸਰਬ ਸਾਂਝੀਵਾਲਤਾ ਦੇ ਅਸੂਲ ਤੇ ਉਸਰੀ ਸੀ। (Father-hood of God & Brotherhood of Man) ਦਾ ਮਹਿਕ ਦਾਰ ਬੂਟਾ ਲਾ ਕੇ ਇਸ ਨੂੰ ਪਰਫੁਲਤ ਹੁੰਦਾ ਵੇਖਣ ਲਈ ਪਿਆਰ ਦੇ ਪਾਣੀ ਨਾਲ ਸਿੰਜਿਆ ਗਿਆ ਸੀ।

'ਪ੍ਰਾਣੀ ਕਿਵ ਛੂਟੇ ਬਿਨ ਪਿਆਰ'

ਅਤੇ ਮਿਠਾਸ ਅਤੇ ਨਿੰਮਰਤਾ ਦੀ ਖਾਦ ਨਾਲ ਇਸ ਦੀਆਂ ਜੜਾਂ ਨੂੰ ਮਜ਼ਬੂਤ ਕੀਤਾ ਗਿਆ ਸੀ :

'ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ' ਮਹਲਾ ੧

ਪ੍ਰੰਤੂ ਐਸੀ ਵਿਸ਼ਵ ਵਿਚਾਰ ਧਾਰਾ ਨੂੰ ਸੰਸਾਰ ਅੰਦਰ ਪਰਸਾਰਨ ਲਈ ਅਜੇਹੇ ਮਨੁਖਾਂ ਦੇ ਸੰਗਠਨ ਦੀ ਲੋੜ ਸੀ ਜਿਨ੍ਹਾ ਇਸ ਧਾਰਾ ਨੂੰ ਅਪਨਾਇਆ ਹੋਵੇ। ਇਹ ਸੰਗਠਨ ਕਿਸ ਰੂਪ ਤੇ ਰੰਗ ਢੰਗ ਦਾ ਹੋਵੇ, ਇਹ ਵਿਚਾਰਨ ਯੋਗ ਗੱਲ ਸੀ।

ਜਿਸ ਤਰਾਂ ਵੇਂਈਂ ਨਦੀ ਤੇ ਤਿੰਨ ਦਿਨ ਦੀ ਅੰਤਰ ਧਿਆਨਤਾ ਪਿਛੋਂ ਗੁਰੂ ਨਾਨਕ ਜੀ ਉਪਰ 'ਨਾ ਹਿੰਦੂ ਨਾ ਮੁਸਲਮਾਨ' ਦਾ ਨਿਰੰਕਾਰੀ ਆਵੇਸ਼ ਨਾਜ਼ਲ ਹੋਇਆ ਸੀ, ਐਨ ਉਸੇ ਤਰਾਂ ਜਮਨਾ ਕੰਢੇ ਸ੍ਰੀ ਪਾਉਂਟਾ ਸਾਹਿਬ ਦੀ ਰਮਣੀਕ ਇਕਾਂਤ ਵਿਚ ਲੰਮੇਰੀ ਅੰਤਰ ਧਿਆਨਤਾ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਉਸੇ ਨਿਰੰਕਾਰੀ ਜੋਤ ਤੇ ਮਰਦਾਨਗੀ ਸਰੂਪ ਦਾ ਜਲਾਲ ਜੋਸ਼ਿਆ ਜਿਸ ਦੇ ਅੰਦਰ

'ਭਾਰੀ ਭੁਜਾਨ ਕੋ ਭਾਰੀ ਭਰੋਸੋ' (ਪਾ: ੧੦) ਦਾ ਆਵੇਸ਼ ਅੰਕ੍ਰਤ ਸੀ।

ਪਿਤਾ ਗੁਰੂ ਤੇਗ ਬਹਾਦਰ ਜੀ ਅਤੇ ਉਨਾਂ ਤੋਂ ਪਹਿਲੋਂ ਪੂਰਨ ਜੋਤਿ ਬ੍ਰਹਮ ਗਿਆਨੀ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਦਿਤੀ ਬਲੀ ਦੇ ਦਰਿਸ਼ ਆਪ ਦੀਆਂ ਅਖਾਂ ਸਾਹਮਣੇ ਸਨ। ਦੋ ਸ਼ਮਸ਼ੀਰਾ ਪਹਿਰਨ ਵਾਲੇ ਦਾਦਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਖ਼ੂਨ ਆਪ ਦੀਆਂ ਰਗਾਂ ਅੰਦਰ ਚਲਦਾ ਸੀ। ਦੇਸ਼ ਅੰਦਰ ਵਰਤ ਰਹੇ ਜ਼ੁਲਮਾਂ ਦਾ ਨਕਸ਼ਾ ਆਪ ਦੇ ਹਿਰਦੇ ਉਤੇ ਅੰਕ੍ਰਤ ਹੋ ਚੁਕਾ ਹੋਇਆ ਸੀ। ਦੋ ਸੌ ਸਾਲ ਦੀ ਘਾਲਨਾ ਤੋਂ ਪੈਦਾ ਹੋਈ: ਸੰਗਤ, ਪੰਗਤ ਅਤੇ ਪੋਥੀ ਨੂੰ ਸੁਰੱਖਿਅਤ ਰਖਣ ਦੀ ਜ਼ਿੰਮੇਵਾਰੀ ਆਪ ਦੇ ਸਿਰ ਪਰ ਸੀ ਪ੍ਰੰਤੂ ਇਨਾਂ ਸਭ ਤੋਂ ਵਧੇਰਾ ਤੇ ਜ਼ਰੂਰੀ ਆਪ ਦੇ ਲਈ ਉਸ ਅਕਾਲੀ ਹੁਕਮ ਦਾ ਪਾਲਣਾ ਸੀ ਜੋ ਆਪ ਨੂੰ ਸੰਸਾਰ ਤੇ ਭੇਜਣ ਸਮੇਂ ਅਕਾਲ ਪੁਰਖ ਨੇ ਦਿਤੀ ਸੀ,

ਅਕਾਲ ਪੁਰਖ ਵਾਚ

ਮੈਂ ਅਪਨਾ ਸੁਤ ਤੋਹਿ ਨਿਵਾਜਾ-ਪੰਥ ਪ੍ਰਚੁਰ ਕਰਬੇ ਕਹੁ ਸਾਜਾ
ਜਾਹਿ ਤਹਾਂ ਤੈ ਧਰਮ ਚਲਾਇ-ਕਬੁਧਿ ਕਰਨ ਤੇ ਲੋਕ ਹਟਾਇ

ਕਬਿ ਵਾਚ

ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਿਆਇ
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ

ਇਹ ਕਾਰਨਿ ਪ੍ਰਭ ਮੋਹਿ ਪਠਾਯੋ-ਤਬ ਮੈ ਜਗਤ ਜਨਮੁ ਧਰਿ ਆਯੋ

... ...

ਹਮ ਏਹ ਕਾਜ ਜਗਤ ਮੋ ਆਏ-ਧਰਮ ਹੇਤ ਗੁਰਦੇਵ ਪਠਾਏ
ਜਹਾ ਤਹਾ ਤੁਮ ਧਰਮ ਬਿਥਾਰੋ-ਦੁਸ਼ਟ ਦੋਖੀਅਨ ਪਕਰਿਪਛਾਰੋ
ਯਾਹੀ ਕਾਜ ਧਰਾ ਹਮ ਜਨਮੰ-ਸਮਝਿ ਲੇਹੁ ਸਾਧੂ ਸਭ ਮਨਮੰ
ਧਰਮ ਚਲਾਵਨ ਸੰਤ ਉਬਾਰਨ-ਦੁਸਟ ਸਭਨ ਕੋ ਮੂਲ ਉਪਾਰਨ।

ਬਚਿਤ੍ਰ ਨਾਟਕ ਪਾ: ੧੦

ਸ੍ਰੀ ਪਾਉਂਟਾ ਸਾਹਿਬ ਦੇ ਸੁਹਾਵਨੇ ਜਮਨਾ ਤਟ ਉਤੇ ਸ੍ਰੀ ਕਰਤਾ ਪੁਰਖ ਸਿਵੰਨਾਰ ਜੀ ਦੀ ਜੋਤਿ ਨਾਲ ਜਦੋਂ ਇਕ ਨੂਰ ਹੋਏ ਤਾਂ ਆਪ ਨੇ ਉਸ ਦੇ ਸਰਗੁਣ ਸਰੂਪ ਨੂੰ ਦੁਸਟ ਦਮਨ ਖੜਗ ਧਾਰੀ ਰੂਪ ਅੰਦਰ ਵੇਖਿਆ ਅਤੇ ਆਪ ਦੀ ਰਸਨਾ ਤੋਂ ਉਸ ਰੂਪ ਦਾ ਜੈ ਜੈ ਕਾਰ ਇਨਾਂ ਸ਼ਬਦਾਂ ਅੰਦਰ ਹੋਇਆ

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲ ਬਿਖ ਹਰਣੰ ਅਸ ਸਰਣੰ
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਿਤਪਾਰਣ ਜੈ ਤੇਗੰ।

ਆਪ ਨੂੰ ਉਸ ਭਾਰੀਆਂ ਭੁਜਾਂ ਵਾਲੇ ਸਰਗੁਣੀ ਸਰੂਪ ਦੇ ਅਕਹਿ ਤਾਨ ਦੇ ਅਹਿਸਾਸ ਨੇ ਭਾਰੀ ਭਰੋਸਾ ਬੰਨ੍ਹਾਇਆ। ਆਪ ਨੇ ਦੁਸਟਾਂ ਦੀ ਬੇਖਕਣੀ (ਬੀਜ ਨਾਸ ਕਰਨ) ਅਤੇ ਧਰਮ ਤੇ ਧਰਮੀ ਪੁਰਸ਼ਾਂ ਦੀ ਜੈ ਜੈ ਕਾਰ ਦਾ ਨਿਸਚਾ ਧਾਰਿਆ ਅਤੇ ਸ੍ਰੀ ਅਕਾਲ ਪੁਰਖ ਜੀ ਦੇ ਹੁਕਮ ਦੀ 'ਸੁਖ ਸੰਤਾਂ ਕਰਣੰ ਦੁਰਮਤਿ ਦਰਣੰ' ਦੀ' ਪਾਲਣਾ ਹਿਤ ਕਮਰ ਕਸੇ ਕੀਤੇ।

ਆਪ ਨੇ ਉਸੇ ਖੜਗ ਧਾਰੀ ਦੁਸ਼ਟ ਦਮਨ ਰੂਪ ਨੂੰ ਅਪਨਾਇਆ ਜਿਸ ਦਾ ਜ਼ਹੂਰ ਆਪ ਉਪਰ ਨਾਜ਼ਲ ਹੋਇਆ ਸੀ, ਕਿਉਂਕਿ ਇਹ ਉਸ ਸਚੀ ਸਰਕਾਰ ਦਾ ਆਪਨਾ ਸਰੂਪ ਸੀ ਜਿਸ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਨੇ

'ਸਾਬਤ ਸੂਰਤਿ ਦਸਤਾਰ ਸਿਰਾ' (ਮਾਰੂ ਸੋਲਹੇ) ਸ਼ਬਦਾਂ ਦੁਆਰਾ ਕੀਤੀ ਸੀ, ਜਿਸ ਨੂੰ ਸ੍ਰੀ ਨਾਮਦੇਵ ਜੀ ਨੇ 'ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ' ਅਤੇ ਗੁਰੂ ਨਾਨਕ ਦੇਵ ਜੀ ਨੇ

'ਤੇਰੇ ਬੰਕੇ ਲੋਇਣ ਦੰਤ ਰੀਸਾਲਾ–ਸੋਹਣੇ ਨਕ ਜਿਨ ਲੰਮੜੇ ਵਾਲਾ'
ਕਹਿ ਕੇ ਵਡਿਆਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਕਾਲ ਪੁਰਖ ਨੂੰ ਸਰਗੁਨ ਕੇਸਵ ਸਰੂਪ-ਲੰਬੇ ਕੇਸਾਂ ਵਾਲਾ, ਸਾਬਤ ਸੂਰਤ, ਸਿਰ ਉਪਰ ਦਸਤਾਰ ਦੇ ਰੂਪ ਵਿਚ ਤਕਿਆ ਅਤੇ ਅਕਾਲ ਪੁਰਖ ਜੀ ਦੇ ਹੁਕਮ ਦੀ ਪਾਲਣਾ ਕਰਨ ਵਾਸਤੇ ਉਸ ਸਰੂਪ ਨੂੰ ਅਪਨਾਇਆ। ਇਹ ਸਰੂਪ ਆਪ ਸਚੀ ਸੁਕਾਰ ਦਾ ਸਰੂਪ ਸੀ ਇਸ ਲਈ ਆਪ ਨੇ ਅਜੇਹਾ ਸਰੂਪ ਲੈਣ ਵਾਲਿਆਂ ਦਾ ਨਾਮ ਭੀ ਖਾਲਸਾ ਰਖਿਆ ('ਖਾਲਸਾ' ਸ਼ਬਦ ਦੇ ਅਖਰੀ ਅਰਥ 'ਸੁਕਾਰ' ਦੇ ਹਨ)

'ਗੁਰ ਬਰ ਅਕਾਲ ਕੇ ਹੁਕਮ ਸਿਓ ਉਪਜਿਓ ਬਿਗਿਆਨਾ
ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।' ਭਾਈ ਗੁਰਦਾਸ

ਗੁਰੂ ਜੀ ਨੇ ਜਿਸ ਤਰਾਂ ਖਾਲਸਾ ਰਚਿਆ ਅਤੇ ੧੬੯੯ ਸੰਨ ਈਸਵੀ, ਮੁਤਾਬਕ ਸੰਮਤ ਬਿਕ੍ਰਮੀ ੧੭੫੬ ਵਿਸਾਖੀ ਦੇ ਦਿਨ ਪੰਜ ਪਿਆਰਿਆਂ ਦੀ ਚੋਣ ਹਿਤ ਜੋ ਕੌਤਕ ਵਰਤਾਇਆ ਅਤੇ ਉਨਾਂ ਪੰਜਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਅਤੇ ਫਿਰ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਛਕਕੇ ਗੁਰੂ ਤੇ ਸਿਖ ਦੀ ਸਮਾਨਤਾ ਜਿਸ ਤਰਾਂ ਦ੍ਰਿੜ ਕਰਾਈ, ਇਸ ਦਾ ਵਿਸਥਾਰ ਅਸੀਂ ਇਸ ਤੋਂ ਪਹਿਲੋਂ 'ਗੁਰੂ ਨਾਨਕ ਮਿਸ਼ਨ' ਵਲੋਂ ਪ੍ਰਕਾਸ਼ਤ ਕੀਤੇ ਟ੍ਰੈਕਟ 'ਮਰਦ ਅਗੰਮੜਾ' ਵਿਚ ਦੇ ਚੁਕੇ ਹਾਂ। ਪਾਠਕ ਇਹ ਬ੍ਰਿਤਾਂਤ ਉਥੋਂ ਪੜ੍ਹ ਸਕਦੇ ਹਨ। ਇਥੇ ਕੇਵਲ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਇਸ ਦਾ ਸੰਖੇਪ ਵਰਨਣ ਕਰਕੇ ਕਿ:

"ਨਿਜ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ
ਸਿਰ ਕੇਸ ਧਾਰ ਗਹਿ ਖੜਗ ਕੋ ਸਭ ਦੁਸ਼ਟ ਪਛਾਰਾ
ਸੀਲ ਜਤ ਕੀ ਕਛ ਪਹਿਰ ਪਕੜੇ ਹਥਿਆਰਾ
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ"

ਅਤੇ

'ਪੀਓ ਪਾਹੁਲ ਖੰਡ ਧਾਰਿ ਹੁਇ ਜਨਮ ਸੁਹੇਲਾ

ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"

ਇਹ ਦਸਣਾ ਹੈ ਕਿ ਖਾਲਸੇ ਦੀ ਰਚਨਾ, ਸਮੇਂ ਦੇ ਸਮਾਜ ਅੰਦਰ ਬਹੁਤ ਵ ਇਨਕਲਾਬ ਸੀ ਅਤੇ ਹੁਣ ਅਤੇ ਅਗੋਂ ਲਈ ਭੀ ਸਮਾਜ ਦੀ ਸਥਿਤੀ ਅੰਦਰ ਇ ਦੀ ਨਵੀਨਤਾ ਅਤੇ ਕ੍ਰਾਂਤੀ ਹਮੇਸ਼ਾ ਪ੍ਰਤੀਤ ਹੁੰਦੀ ਰਹੇਗੀ, ਜਦੋਂ ਤਾਈਂ ਸਮਾਜ ਕਿ ਦੇ ਪ੍ਰਭਾਵ ਨੂੰ ਕਬੂਲ ਨਹੀਂ ਲੈਂਦਾ ਬਸ਼ਰਤੇ ਕਿ ਖਾਲਸਾ ਆਪ ਆਪਣੇ ਪੈਰਾਂ ਖੜਾ ਦਿਸਦਾ ਰਹੇ ।

ਖਾਲਸਾ

ਖਾਲਸਾ ਗੁਰੂ ਗੋਬਿੰਦ ਸਿਘ ਜੀ ਵਲੋਂ ਸਥਾਪਤ ਕੀਤੇ ਮਨੁਖਾਂ ਦੇ ਉਸ ਸੰਗਠਨ (organisation) ਦਾ ਨਾਮ ਹੈ ਜੋ, ੴ ਦਾ ਅਨਿੰਨ ਭਗਤ ਰਹਿੰਦਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਸਤਿ ਸੰਗਤ ਅਤੇ ਪੰਗਤ ਉਤੇ ਦ੍ਰਿੜ ਵਿਸ਼ਵਾਸ਼ ਰਖਦਾ ਹੈ ਅਤੇ ਪਰਉਪਕਾਰ, ਅਤੇ ਅਸੂਲ ਦੀ ਦ੍ਰਿੜਤਾ ਲਈ ਆਪਣੀ ਜਾਨ ਉਤੇ ਖੇਡ ਜਾਣ ਦੇ ਸ੍ਵੈ ਭਰੋਸੇ ਅੰਦਰ ਜੀਉਂਦਾ ਹੈ।

'ਖਾਲਸਾ' ਬਾਰੇ ਕੁਝ ਕੁ ਪ੍ਰਮਾਣੀਕ ਕਥਨ ਇਸ ਪ੍ਰਕਾਰ ਦਿਤੇ ਹਨ :

'ਜਾਗਤ ਜੋਤਿ ਜਪੈ ਨਿਸ ਬਾਸਰ, ਏਕੁ ਬਿਨਾ ਮਨ ਨੈਕ ਨਾ ਆਨੈ
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ
ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਸ ਤਾਹਿ ਨਖਾਲਸ ਜਾਨੈ'

ਤੇਤ੍ਰੀ ਸਵੱਯੇ ਪ: ੧੦

ਖਾਲਸਾ ਸੋਇ ਜੁ ਨਿੰਦਾ ਤਯਾਗੇ-ਖਾਲਸਾ ਸੋਇ ਲੜੇ ਹ੍ਵੈ ਆਗੇ
ਖਾਲਸਾ ਸੋਇ ਪ੍ਰਦ੍ਰਿਸਟਿ ਤਿਆਗੇ-ਖਾਲਸਾ ਸੋਇ ਨਾਮ ਰਤਿ ਲਾਗੇ
ਖਾਲਸਾ ਸੋਇ ਗੁਰੂ ਹਿਤ ਲਾਵੈ-ਖਾਲਸਾ ਸੋਇ ਸਾਰ ਮੂਹਿ ਖਾਵੈ

ਖਾਲਸਾ ਸੋ ਨਿਰਧਨ ਕੋ ਪਾਲੈ, ਖਾਲਸਾ ਸੋਇ ਦੁਸ਼ਟ ਕਉ ਗਾਲੈ
ਖਾਲਸਾ ਸੋਇ ਜੁ ਚੜ੍ਹੈ ਤੁਰੰਗ, ਖਾਲਸਾ ਸੋਇ ਕਰੇ ਨਿਤਜੰਗ*

(ਤਨਖਾਹ ਨਾਮਾ)

'ਖਾਲਸਾ ਸੋ ਜਿਨ ਤਨ ਮਨ ਧਨ ਅਕਾਲ ਪੁਰਖ ਨੂੰ ਸੌਂਪਿਆ ਹੈ,
ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ' ...ਭਾਈ ਦਯਾ ਸਿੰਘ ਜੀ
ਖਾਲਸਾ ਖਾਸ ਕਹਾਵੈ ਸੋਈ—ਜਾਂ ਕੇ ਹਿਰਦੇ ਭਰਮ ਨ ਹੋਈ
ਭਰਮ ਭੇਖ ਤੇ ਰਹੈ ਨਿਆਰਾ—ਸੋ ਖਾਲਸ ਸਤਿਗੁਰੂ ਹਮਾਰਾ

ਗੁਰ ਸ਼ੋਭਾ

ਹਿੰਦੂ ਤੁਰਕਨ ਤੇ ਹੈ ਨਯਾਰਾ-ਫਿਰਕਾ ਇਨਕਾ ਅਪਰ ਅਪਾਰਾ...
ਮੁਸਲਮਾਨ ਹਿੰਦੂਨ ਤੇ ਨਯਾਰੀ-ਰੀਤਿ ਇਨੋ ਮੇਂ ਹੈ ਭਲ ਸਾਰੀ
ਮਾਨਤ ਹੈਂ ਨਿਜ ਮਜ਼੍ਹਬ ਚੰਗੇਰਾ—'ਹਿੰਦੂ' ਕਹੇਂ ਤੇ ਖਿਝਤ ਵਧੇਰਾ
ਰੀਤਿ ਹਿੰਦੂਆਂ ਵਾਰੀ ਜੇਤੀ-ਤਜ ਰਾਖੀ ਇਨ ਸਭ ਬਿਧ ਤੇਤੀ
ਬਨੇ ਰਹਿਤ ਸਭ ਸਕੇ ਬਿਰਾਦਰ-ਇਕ ਕੋ ਦੂਸਰ ਦੇਵਤ ਆਦਰ

ਪੰਥ ਪ੍ਰਕਾਸ਼

ਕਬਿਤ:—ਜਾਨੈ ਸਾਰ ਬਾਣੀ ਕੋ ਅਸਾਰ ਕੋ ਤਿਆਗ ਕਰੈ
ਮਾਯਾ ਜਾਲ ਮਾਹਿ ਸਦਾ ਰਹਿਤ ਮਰਾਲਸਾ

ਭਾਈ ਸਾਹਿਬ ਕਾਹਨ ਸਿੰਘ ਜੀ ਨੇ ਇਸ ਦੇ ਅਰਥ ਇਉਂ ਕੀਤੇ ਹਨ:

*'ਯੁਧ ਵਿਦਿਆ ਅਤੇ ਸ਼ਸਤ੍ਰਾਂ ਦਾ ਨਿਤ ਅਭਿਆਸ ਕਰੇ, 'ਮੁਖ ਤੇ ਹਰਿ ਚਿਤ ਮੈ ਯੁਧ ਬਿਚਾਰੈ' ਇਸ ਪਰ ਅਮਲ ਕਰੇ। ਇਸ ਦਾ ਇਹ ਭਾਵ ਨਹੀਂ ਕਿ ਲੋਕਾਂ ਨਾਲ ਝਗੜਾ ਅਤੇ ਦੰਗਾ ਕਰੇ। ਦੇਖੋ ਇਸ ਵਿਸ਼ਯ ਪਰ ਭਗਤ ਰਤਨਾਵਲੀ ਵਿਚ ਗੁਰੂ ਅੰਗਦ ਸਾਹਿਬ ਦਾ ਮਾਲੂਸ਼ਾਹ ਨੂੰ ਉਪਦੇਸ਼ : 'ਆਪਿ ਉਪਾਧਿ ਕਿਸੈ ਨਾਲ ਨਾ ਕੀਜੈ, ਜੇ ਜੁਧ ਜ਼ਰੂਰ ਆਇ ਬਣੇ ਤਾਂ ਬਹੁਤਿਆਂ ਥੋੜਿਆਂ ਦੀ ਸ਼ੰਕਾ ਨਾ ਕੀਜੈ'

ਪਰਉਪਕਾਰੀ ਅਤਿ ਉਦਮੀ, ਉਦਾਰ ਭਾਰੀ,
ਸੁੰਦਰ ਦਿਦਾਰੀ, ਧਾਰੈ ਤਨਿਕ ਨਾ ਆਲਸਾ
ਸ਼ਸਤ੍ਰਨ ਕੇ ਪ੍ਰੇਮੀ ਨੇਮੀ ਯੁਧ ਕਰਤੱਬਨ ਕੇ,
ਮਹਾਂ ਸੋਮਯ ਰੂਪ ਪਰ ਸ਼ਤ੍ਰਨ ਕਰਾਲਸਾ
ਅਸਵ ਕੇ ਸਵਾਰ, ਬੀਰ ਰਸ ਕੇ ਅਗਾਰ,
ਸਭ ਸੈਨਾ ਕੇ ਸਿੰਗਾਰ, ਦਸਮੇਸ਼ ਜੂ ਕੇ ਖਾਲਸਾ

ਭਾਈ ਕਾਨ੍ਹ ਸਿੰਘ ਜੀ

ਉਕਤ ਗੁਣਾਂ ਦੇ ਧਾਰਨੀ ਮਨੁਖਾਂ ਦੀ ਜਥੇਬੰਦੀ ਦਾ ਨਾਮ ਖਾਲਸਾ ਸੀ। ਇਸ ਜਥੇਬੰਦੀ ਅੰਦਰ ਸ਼ਾਮਲ ਹੋਇ ਹਰ ਮਨੁਖ ਦਾ ਜਥੇਬੰਦੀ ਨਾਲ ਉਸ ਪ੍ਰਕਾਰ ਦਾ ਸੰਬੰਧ ਸੀ ਜਿਸ ਤਰ੍ਹਾਂ ਹਥ, ਪੈਰ, ਨਕ, ਕੰਨ, ਮੂੰਹ ਅੱਖ ਦਾ ਸਰੀਰ ਨਾਲ ਸੰਬੰਧ ਹੁੰਦਾ ਹੈ। ਸਰੀਰ ਨੂੰ ਨਰੋਆ ਤੇ ਕਾਰ ਆਮਦ ਬਣਾਏ ਰਖਣ ਲਈ ਉਸ ਦੇ ਹਰ ਅੰਗ ਦਾ ਨਰੋਆ ਹੋਣਾ ਜ਼ਰੂਰੀ ਹੈ ਪਰੰਤੂ ਇੱਕਲੇ ਇਕਲੇ ਅੰਗ ਨਰੋਏ ਹੁੰਦੇ ਹੋਏ ਭੀ ਸਮੁਚੇ ਸਰੀਰ ਦੀ ਹੋਂਦ ਤੋਂ ਬਿਨਾਂ ਕਿਸੇ ਅਰਥ ਨਹੀਂ। ਖਾਲਸਾ ਜਥੇਬੰਦੀ ਦਾ ਹਰ ਮੈਂਬਰ ਸਮੁਚੇ ਖਾਲਸੇ ਲਈ ਅਤੇ ਖਾਲਸੇ ਦੀ ਹੋਂਦ ਅਪਨੇ ਹਰ ਮੈਂਬਰ ਲਈ ਸੀ : 'ਓਤਿ ਪੋਤਿ ਸਾਗਰ ਬੂੰਦੇਰੋ'

ਇਨਾਂ ਦੀ ਰਹਿਣੀ ਰੂਪ ਰੰਗ, ਨਾਮ ਠਾਮ ਬਲਕਿ ਮਾਤਾ ਤੇ ਪਿਤਾ ਭੀ ਇਕ ਸਨ। ਜਦੋਂ ਭੀ ਕੋਈ ਮਨੁਖ ਇਸ ਜਥੇਬੰਦੀ ਅੰਦਰ ਦਾਖਲ ਹੁੰਦਾ ਅਪਨਾ ਤਨ ਮਨ ਧਨ ਸਭ ਕੁਝ ਗੁਰੂ ਅਰਪਨ ਕਰਦਾ। ਆਤਮਕ ਤੌਰ ਉਸ ਦੀ ਕਾਇਆਂ ਕਲੰਪ ਹੋ ਜਾਂਦੀ। 'ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ'

ਮਹਲਾ ੫

ਦੀ ਅਵਸਥਾ ਅੰਦਰ ਉਸ ਦੀ ਪਹਿਲੀ ਜਾਤਿ ਜਨਮ ਕਰਮ ਧਰਮ ਖਤਮ ਹੋ ਕੇ ਨਵੇਂ ਆਤਮਕ ਜਨਮ ਦੀ ਪ੍ਰਾਪਤੀ ਹੁੰਦੀ।

-'ਸਤਿਗੁਰੂ ਕੈ ਜਨਮੇ ਗਵਨੁ ਮਿਟਾਇਆ। ਮਹਲਾ ੧

ਇਹ ਕਹਿਣ ਮਾਤਰ ਹੀ ਨਹੀਂ ਬਲਕਿ ਪੰਜਾਂ ਪਿਆਰਿਆਂ ਦਾ ਅਪਨਾ ਆਪ ਗੁਰੂ ਦੇ ਭੇਟ ਕਰ ਦੇਣਾ ਇਸ ਕਥਨ ਦਾ ਜੀਉਂਦਾ ਜਾਗਦਾ ਸਬੂਤ ਹੈ। ਸ੍ਰੀ ਦਸਮੇਸ਼ ਜੀ ਦੀ ਬਖਸ਼ਸ਼ ਅੰਮ੍ਰਿਤ ਉਹ ਸੰਜੀਵਨੀ ਬੂਟੀ ਸੀ ਜਿਸ ਨੇ ਆਪਾ ਭੇਟ-ਚੁਕੇ ਪੰਜ ਸਿਖਾਂ ਨੂੰ ਮੁੜ ਸੁਰਜੀਤ ਕੀਤਾ।

ਅਜ ਸਾਡੇ ਅੰਦਰੋਂ ਅੰਮ੍ਰਿਤ ਦੀ ਵਡਿਆਈ ਦਾ ਅਹਿਸਾਸ ਕਮਜ਼ੋਰ ਹੋ ਜਾਣ ਕਾਰਨ ਅਸੀਂ ਅੰਮ੍ਰਿਤ ਦੀ ਅਹਿਮੀਅਤ ਨੂੰ ਭੁਲਦੇ ਜਾ ਰਹੇ ਹਾਂ ਕਿ ਕਿਸ ਤਰ੍ਹਾਂ ਇਸ ਅੰਮ੍ਰਿਤ ਦਾ ਸਦਕਾ ਸਰੀਰਕ ਅਤੇ ਆਤਮਕ ਤੌਰ ਮਰ ਚੁਕੇ ਮਨੁਖ ਗੁਰੂ ਕਲਗੀਧਰ ਜੀ ਦੇ ਘਰ ਮਾਤਾ ਸਾਹਿਬ ਕੌਰ ਜੀ ਦੀ ਪਵਿਤਰ ਕੁਖ ਤੋਂ ਮੁੜ ਜਨਮੇ ਅਤੇ ਖਤਰੀ ਜਟ, ਛੀਂਬੇ, ਨਾਈ ਅਤੇ ਝੀਊਰ ਤੋਂ ਖਾਲਸਾ ਰੂਪ ਵਿਚ ਬਦਲ ਗਏ।

ਗੁਰੂ ਜੀ ਨੇ ਕਿਹਾ 'ਖਾਲਸਾ ਮੇਰੋ ਰੂਪ ਹੈ ਖਾਸ'

ਅਤੇ ਇਨਾਂ ਦੇ ਵਖਰੇ ਵਖਰੇ ਰੂਪ ਨੂੰ ਆਪਨੇਂ ਰੂਪ ਅੰਦਰ ਪਲਟ ਦਿਤਾ। ਗੁਰੂ ਅਤੇ ਸਿਖ ਦੇ ਦਰਮਿਆਨ ਜੋ ਭਿੰਨਤਾ ਪ੍ਰਤੀਤ ਹੁੰਦੀ ਸੀ ਉਸ ਨੂੰ ਖਤਮ ਕੀਤਾ ਅਤੇ ਆਪਨੇ ਰੂਪ ਵਾਲੇ ਪੰਜਾਂ ਮਨੁਖਾਂ ਤੋਂ ਆਪ ਅੰਮ੍ਰਿਤ ਦੀ ਦਾਤ ਪਰਾਪਤ ਕਰਕੇ ਦੁਨੀਆਂ ਦੇ ਲੋਕਾਂ ਨੂੰ ਦਸ ਦਿਤਾ ਕਿ ਸਚ ਮੁਚ ਹੀ

'ਸਭ ਮਹਿ ਜੋਤਿ ਜੋਤਿ ਹੈ ਸੋਇ' ਮਹਲਾ ੧

ਅਤੇ ਨਿਰੰਕਾਰੀ ਜੋਤਿ ਦੀ ਅੰਸ਼ ਰਖਣ ਵਾਲਾ ਛੋਟੇ ਤੋਂ ਛੋਟਾ ਮਨੁਖ ਭੀ ਆਪਨਾ ਤਨ ਮਨ ਧਨ ਵਾਹਿਗੁਰੂ ਅਰਪਨ ਕਰਕੇ ਉਸ ਦਾ ਆਪਨਾ ਰੂਪ ਹੋ ਸਕਦਾ ਹੈ। ਗੁਰੂ ਜੀ ਨੇ ਗੁਰੂ ਅਤੇ ਸਿਖ ਵਿਚਾਲੇ ਅਤੇ ਖਾਲਸਾ ਸੰਗਠਨ ਅੰਦਰ ਆ ਚੁਕੇ ਸਿਖ ਸਿਖ ਵਿਚਾਲੇ ਹਰ ਪ੍ਰਕਾਰ ਦੇ ਭਰਮ ਭੇਦ ਮਿਟਾ ਦੇਣ ਲਈ ਸਭ ਲਈ ਗੁਰੂ ਦੇ ਰੂਪ ਵਿਚ ਪਲਟ ਜਾਣਾ ਲਾਜ਼ਮੀ ਕਰ ਦਿਤਾ ਬਲਕਿ ਸਭ ਦੇ ਨਾਵਾਂ ਦੀ ਭਿੰਨਤਾ ਨੂੰ ਇਕ ਕਰ ਦੇਣ ਲਈ ਸਾਰਿਆਂ ਮਨੁਖਾਂ ਲਈ 'ਸਿੰਘ' ਪਦ ਅਤੇ ਇਸਤ੍ਰੀਆਂ ਲਈ 'ਕੌਰ' ਦੀ ਵਰਤੋਂ ਜ਼ਰੂਰੀ ਕਰ ਦਿਤੀ। ਆਪ ਖੁਦ ਅੰਮ੍ਰਿਤ ਪਾਨ ਕਰਕੇ 'ਗੋਬਿੰਦ ਰਾਏ' ਤੋਂ ਗੋਬਿੰਦ ਸਿੰਘ ਹੋ ਗਏ ਅਤੇ ਮਾਤਾ ਸਾਹਿਬ ਦੇਵਾਂ ਜੀ ਦਾ

ਨਾਮ ਸਾਹਿਬ ਕੌਰ ਹੋ ਗਿਆ । ਇਸੇ ਤਰ੍ਹਾਂ ਸਭ ਸਿਖਾਂ ਨੂੰ ਜਿਨਾਂ ਅੰਮ੍ਰਿਤ ।
ਕੀਤਾ 'ਸਿੰਘ' ਸ਼ਬਦ ਵਾਲਾ ਨਾਮ ਪ੍ਰਦਾਨ ਕੀਤਾ । 'ਸਿੰਘ' ਪਦ ਦੀ ਵਡਿਆ
ਨੂੰ ਅਨੁਭਵ ਕਰਦਾ ਹੋਇਆ ਸ੍ਰੀ ਟੀ ਐਲ ਵਿਸਵਾਨੀ ਅਪਨੀ ਪੁਸਤਕ In t
Sanctuary ਦੇ ਪੰਨਾ ੩੦-੩੧ ਪਰ ਲਿਖਦਾ ਹੈ

ਹਰ 'ਸਿਖ' ਨੂੰ 'ਸਿੰਘ' ਵਿਚ ਬਦਲ ਦੇਣਾ—ਇਸ ਇਕ ਸਤਰ ਅੰ
ਮੇਰੇ ਦਸ਼ਮੇਸ਼ ਗੁਰੂ ਜੀ ਦਾ ਸਾਰਾ ਸੰਦੇਸ਼ ਭਰਿਆ ਦਿਸਦਾ ਹੈ । ਇਹ ਉਹ ਸੰ
ਹੈ ਜਿਸ ਦੀ ਅਜ ਸਾਨੂੰ ਲੋੜ ਹੈ ।*

ਕਿਤਨੇ ਸ਼ੋਕ ਦੀ ਗੱਲ ਹੈ ਕਿ ਜਿਸ 'ਸਿੰਘ' ਅਤੇ 'ਕੌਰ' ਪਦ ਦੀ ਇ
ਵਡਿਆਈ ਹੋਵੇ ਸਾਡੇ ਨੌਜਵਾਨ ਪਛਮੀ ਪ੍ਰਭਾਵ ਹੇਠ ਉਨ੍ਹਾਂ ਦੀ ਵਰਤੋਂ ਨੂੰ
ਰਹੇ ਹਨ ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨਾਮ ਦੇ ਸੰਗਠਨ ਨੂੰ ਹਰ
ਸੰਪੂਰਨ ਕਰਨ ਹਿਤ ਇਸ ਦੀ ਸੰਖੇਪ ਜੇਹੀ ਨਿਯਮਾਵਲੀ ਕਾਇਮ ਕੀਤੀ ।
ਸੰਗਠਨ ਅੰਦਰ ਦਾਖਲੇ ਅਥਵਾ ਖਾਲਸਾ ਬਨਣ ਲਈ ਪਹਿਲਾ ਨਿਯਮ
ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰਕੇ ਪਿਛਲੇ ਜੀਵਨ ਕਾਲ ਦੇ ਸਾਰੇ ਭਰਮ
ਮਿਟਾ ਕੇ ਸਿੰਘ ਨਾਮ ਅਤੇ ਰੂਪ ਲੈਣਾ ਸੀ । ਖਾਲਸੇ ਦੇ ਨਿਤਾ ਪ੍ਰਤ ਦੇ ਜੰ
ਸੰਸਕਾਰ ਤਾਂ ਗੁਰਸਿਖਾਂ ਵਾਲੇ ਹੋਣੇ ਜ਼ਰੂਰੀ ਸਨ ਹੀ, ਪ੍ਰਤੂ ਗੁਰੂ ਜੀ ਨੇ ਚਾਰ ਕਰੜ
ਬੰਦਸ਼ਾਂ ਆਪਨੇ ਸਿੰਘਾਂ ਪਰ ਲਾਗੂ ਕੀਤੀਆਂ ਅਤੇ ਹੁਕਮ ਕੀਤਾ ਕਿ ਇਨ੍ਹਾਂ ਬੰ
ਨੂੰ ਤੋੜਨ ਵਾਲਾ ਮੇਰਾ ਸਿੰਘ ਨਹੀਂ ਹੋ ਸਕਦਾ । ਇਹ ਬੰਦਸ਼ਾਂ ਸਨ (੧) ਕੇਸਾਂ
ਰੋਮਾਂ ਦੀ ਬੇਅਦਬੀ ਨਹੀਂ ਕਰਨੀ, (੨) ਪਰ ਇਸਤਰੀ ਤਥਾ ਪਰ ਪੁਰਖ ਦਾ
ਨਹੀਂ ਕਰਨਾ (੩) ਕੁਠਾ ਨਹੀਂ ਖਾਣਾ (੪) ਤੰਬਾਕੂ ਨਹੀਂ ਵਰਤਨਾ ।

*'To convert every Sikh into a Singh—in that one is summed up to my mind, the message of the Guru (Guru). It is a message we need to day.'

(੧) ਖਾਲਸੇ ਨੂੰ ਗੁਰੂ ਜੀ ਨੇ ਆਪਨੇ ਰੂਪ ਵਾਲਾ ਬਨਾਇਆ ਸੀ। ਇਸ ਰੂਪ ਦੀ ਵਡੀ ਵਿਸ਼ੇਸ਼ਤਾਈ ਅਤੇ ਇਸ ਦੇ ਵਧੇਰੇ ਪ੍ਰਗਟ ਨਿਸ਼ਾਨ ਕੇਸ, ਦਾੜ੍ਹੀ ਅਤੇ ਸਿਰ ਪਰ ਦਸਤਾਰ ਸਨ। ਇਹੋ ਨਿਸ਼ਾਨ ਸਿੰਘਾਂ ਦੀ ਆਪਸ ਵਿਚ ਦੀ ਸਾਂਝ ਅਤੇ ਦੂਸਰੇ ਲੋਕਾਂ ਤੋਂ ਨਿਆਰਾਪਨ ਪ੍ਰਗਟ ਕਰਨ ਵਾਲੇ ਹਨ। ਇਨ੍ਹਾਂ ਦਾ ਤਿਆਗ ਜਾਂ ਇਨ੍ਹਾਂ ਦੀ ਭੰਨ ਤੋੜ ਗੁਰੂ ਤਥਾ ਖਾਲਸੇ ਦੇ ਪ੍ਰਵਾਣਿਤ ਰੂਪ ਦੀ ਭੰਨ ਤੋੜ ਹੈ। ਇਹ ਰੂਪ ਖਾਲਸਾ ਸੰਗਠਨ ਦਾ ਰੂਪ ਹੈ ਇਸ ਨੂੰ ਛਡ ਕੇ ਕੋਈ ਮਨੁਖ ਸੰਗਠਨ ਦਾ ਮੈਂਬਰ ਰਹਿਣਾ ਸੰਭਵ ਨਹੀਂ, ਇਸ ਲਈ ਗੁਰੂ ਜੀ ਨੇ ਕੇਸਾਂ ਦੀ ਬੇਅਦਬੀ ਨੂੰ ਖਾਲਸਾ ਸੰਗਠਨ ਵਿਚੋਂ ਖਾਰਜ ਕੀਤੇ ਜਾਣ ਦਾ ਪਹਿਲਾ ਕਾਰਨ ਦਸਿਆ ਹੈ। ਵਿਗਿਆਨਕ ਤੌਰ ਕਿਸੇ ਦਲੀਲ ਬਾਜ਼ੀ ਵਿਚ ਪੈਣ ਤੋਂ ਬਿਨਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਕੇਸ ਸਰੀਰ ਦਾ ਕੁਦਰਤੀ ਭਾਗ ਹਨ, ਇਹੋ ਕੇਸ ਖਾਲਸਈ ਸੰਗਠਨ ਦੇ ਬਾਹਰ ਮੁਖੀ ਰੂਪ ਦਾ ਜ਼ਰੂਰੀ ਹਿਸਾ ਮੰਨੇ ਗਏ ਹਨ ਇਸ ਲਈ ਇਨਾਂ ਦਾ ਤਿਆਗ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸੰਗਠਨ ਵਿਚੋਂ ਖਾਰਜ ਹੋਣ ਦੀ ਨਿਸ਼ਾਨੀ ਹੈ।*

(੨) ਪਰਾਈ ਇਸਤਰੀ ਤਥਾ ਪਰਾਏ ਮਨੁਖ ਦਾ ਸੰਗ ਇਕ ਇਖਲਾਕੀ ਜੁਰਮ ਹੈ। ਖਾਲਸੇ ਅੰਦਰ ਇਸ ਇਖਲਾਕੀ ਕਮਜ਼ੋਰੀ ਨੂੰ ਧਰਮ ਦਾ ਅੰਗ ਬਣਾ ਦੇਣਾ ਅਜੇਹੀ ਵਿਸ਼ੇਸ਼ਤਾਈ ਹੈ ਜੋ ਧਰਮ ਅਤੇ ਸਦਾਚਾਰ ਨੂੰ ਜੋੜਦੀ ਹੈ ਅਤੇ ਇਹ ਸਿਧ

---

*ਕੇਸ ਰਖਣ ਦੀ ਵਿਸ਼ੇਸ਼ ਆਗਿਆ ਭਾਵੇਂ ਦਸਮੇਸ਼ ਜੀ ਨੇ ਖਾਲਸਾ ਸਾਜਣ ਸਮੇਂ ਕੀਤੀ ਪ੍ਰੰਤੂ ਇਸ ਦੀ ਵਰਤੋਂ ਗੁਰੂ ਨਾਨਕ ਦੇ ਸਮੇਂ ਤੋਂ ਹੀ ਹੋ ਰਹੀ ਸੀ, ਵੇਖੋ ਗੁਰੂ ਬਾਣੀ ਦੇ ਪਰਮਾਣ 'ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ' ਅਤੇ 'ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ' ਮਹਲਾ ੪ ਅਤੇ ਸਾਖੀ ਭਾਈ ਬਾਲੇ ਵਾਲੀ ਵਿਚੋਂ:

ਮਰਦਾਨੇ ਕਹਿਆ (ਨੂਰ ਨਾਮਕ ਜਗਯਾਸੂ ਨੂੰ) 'ਤਿੰਨ ਬਾਤਾਂ ਤੂੰ ਕਰ—ਸਿਰ ਦੇ ਕੇਸ ਰਖਣੇ, ਦੂਜਾ ਪਿਛਲੀ ਰਾਤੀ ਸਤਿਨਾਮੁ ਦਾ ਜਾਪੁ ਜਪਣਾ, ਤੀਸਰਾ ਇਹ ਕਿ ਸਾਧ ਸੰਤ ਆਂਵਦੇ ਜਾਂਵਦੇ ਦੀ ਸੇਵਾ ਟਹਿਲ ਕਰਨੀ'

ਕਰਦੀ ਹੈ ਕਿ ਖਾਲਸਾ ਧਰਮ ਅੰਦਰ ਸਦਾਚਾਰ ਦਾ ਦਰਜਾ ਕਿਤਨਾ ਉਚਾ ਹੈ। ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ 'ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ' (ਮਹਲਾ ੧) ਦੀ ਅਸਲੀ ਵਰਤੋਂ ਦੀ ਇਹ ਵਿਸ਼ੇਸ਼ ਮਿਸਾਲ ਹੈ। ਅਸੂਲ ਬਣਾ ਦੇਣ ਅਤੇ ਅਸੂਲ ਦੀ ਵਰਤੋਂ ਕਰਾਉਣ ਵਿਚ ਵਡੀ ਭਿੰਨਤਾ ਹੈ। ਗੁਰੂ ਜੀ ਨੇ ਇਸ ਪਰਚਲਤ ਸਦਾ-ਚਾਰਕ ਨਿਯਮ ਦੀ ਅਮਲੀ ਤੌਰ ਤੇ ਪਾਲਨਾ ਕਰਾਉਣੀ ਇਤਨੀ ਜ਼ਰੂਰੀ ਸਮਝੀ ਹੈ ਕਿ ਇਸ ਨਿਯਮ ਦੇ ਭੰਗ ਕਰਨ ਵਾਲੇ ਨੂੰ ਖਾਲਸਈ ਸੰਗਠਨ ਵਿਚੋਂ ਹੀ ਖਾਰਜ ਕਰ ਦਿਤਾ ਹੈ। ਆਪ ਨੇ ਇਸ ਦੀ ਬਾਬਤ ਅਪਨੀ ਬਾਣੀ ਅੰਦਰ ਬਹੁਤ ਹੀ ਸਪਸ਼ਟ ਕਰਕੇ ਲਿਖਿਆ :

'ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢਈਓ
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਓ'

ਸਦਾਚਾਰਕ ਨੁਕਤੇ ਤੇ ਇਤਨਾ ਭਾਰੀ ਦ੍ਰਿੜਤਾ ਹੋਰਥੇ ਘਟ ਹੀ ਮਿਲੇਗੀ।

(੩) ਕੁਠਾ ਨਹੀਂ ਖਾਣਾ। ਕੁਠਾ ਖਾਣ ਦਾ ਭਾਵ ਮੁਸਲਮਾਨੀ ਤਰੀਕੇ ਅਨੁ-ਸਾਰ ਇਸਲਾਮੀ ਕਲਮਾ ਪੜ੍ਹ ਕੇ ਜ਼ਬਹ ਜਾਂ ਹਲਾਲ ਕੀਤੇ ਜਾਨਵਰ ਦਾ ਮਾਸ ਖਾਣਾ ਹੈ, ਜਦੋਂ ਕਿ ਖਾਲਸੇ ਵਾਸਤੇ ਇਸ ਤਰਾਂ ਹਲਾਲ ਕੀਤੇ ਮਾਸ ਖਾਣ ਦੀ ਆਗਿਆ ਨਹੀਂ ਬਲਕਿ ਇਸ ਦੀ ਬਜਾਏ ਝਟਕਾਏ ਹੋਏ ਜਾਨਵਰ ਦੇ ਮਾਸ ਖਾਣ ਦੀ ਖੁਲ੍ਹ ਹੈ ਜੇਕਰ ਨਿਰਾ ਇਤਨਾ ਹੀ ਸਵਾਲ ਹੋਵੇ ਕਿ ਮਾਸ ਕਿਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਤਾਂ ਹਲਾਲ ਝਟਕੇ ਦੇ ਸਵਾਲ ਦੀ ਕੋਈ ਵਡੀ ਅਹਿਮੀਅਤ ਨਹੀਂ ਰਹਿ ਜਾਂਦੀ। ਪਰੰਤੂ ਇਥੇ ਨਿਰਾ ਇਹ ਸਵਾਲ ਨਹੀਂ ਬਲਕਿ ਮਨੁਖ ਦੇ ਸ੍ਵੈਮਾਨ, ਅਣੇਖ ਅਤੇ ਸੁਤੰਤਰਤਾ ਦਾ ਸਵਾਲ ਹੈ। ਪੁਰਾਤਨ ਕਾਲ ਅੰਦਰ ਦੇਵੀ ਦੇਵਤਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਹਿਤ ਜਾਨਵਰ ਦੀ ਕੁਰਬਾਨੀ (ਬਲੀ) ਝਟਕਾ ਕੇ ਦਿਤੀ ਜਾਂਦੀ ਸੀ। ਭਾਰਤ ਅੰਦਰ ਮੁਸਲਮਾਨੀ ਰਾਜ ਛਾ ਜਾਣ ਪਿਛੋਂ ਹਿੰਦੂ ਧਾਰਮਿਕ ਰਹੁ ਰੀਤਾਂ ਨੂੰ ਖਤਮ ਕਰਨ ਦੇ ਅਨੇਕ ਸਾਧਨਾਂ ਵਿਚੋਂ ਇਕ ਝਟਕੇ ਰਾਹੀਂ ਜਾਨਵਰ ਦੀ ਕੁਰਬਾਨੀ ਦੇਣ ਦੀ ਰੀਤੀ ਸੀ। ਮੁਸਲਮਾਨੀ ਹਕੂਮਤ ਦੇ ਦਬਾ ਹੇਠ ਹਿੰਦੂਆਂ

ਨੇ ਝਟਕੇ ਦੀ ਰੀਤੀ ਛਡ ਕੇ ਮੁਸਲਮਾਨੀ ਤਰੀਕਾ ਅਪਨਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਅਣਖ ਨੂੰ ਟੁੰਬਨ ਹਿਤ ਬਹੁਤ ਸਾਰੀਆਂ ਧਾਰਮਕ ਰੀਤਾਂ ਦਾ ਪ੍ਰਗਟ ਤੌਰ ਕਰਨਾ ਅਰੰਭਿਆ ਅਤੇ ਅਜੇਹਾ ਕਰਨ ਦੀ ਹਿੰਦੂਆਂ ਨੂੰ ਵੀ ਪਰੇਰਨਾ ਦਿਤੀ। ਅਜੇਹੀ ਪਰੇਰਨਾ ਦਾ ਇਕ ਸਿਟਾ ਗੁਰੂ ਜੀ ਵਲੋਂ ਕਰਵਾਇਆ ਨੈਣਾ ਦੇਵੀ ਦਾ ਹਵਨ ਸੀ ਜਿਸ ਨੂੰ ਕਈ ਇਤਿਹਾਸਕਾਰਾਂ ਨੇ ਨ ਸਮਝਦੇ ਹੋਏ ਗੁਰੂ ਜੀ ਨੂੰ ਨੈਣਾ ਦੇਵੀ ਦਾ ਪੁਜਾਰੀ ਲਿਖ ਦਿਤਾ ਹੈ। ਗੁਰੂ ਜੀ ਨੇ ਰਣਜੀਤ ਨਗਾਰਾ ਤਿਆਰ ਕਰਵਾਇਆ ਜੋ ਹਰ ਇਕ ਧਾਰਮਕ ਰਹੁ ਰੀਤ ਕਰਨ ਸਮੇਂ ਜ਼ੋਰ ਨਾਲ ਵਜਾਇਆ ਜਾਂਦਾ। ਇਸੇ ਤਰ੍ਹਾਂ ਜਦੋਂ ਭੀ ਸਿਘ ਅਰਦਾਸ ਕਰਦੇ, ਗਜ ਕੇ ਫਤਿਹ ਅਤੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਬੁਲਾਉਂਦੇ ਜਿਸ ਦਾ ਭਾਵ ਹਕੂਮਤ ਨੂੰ ਇਹ ਸਪਸ਼ਟ ਕਰਨਾ ਸੀ ਕਿ ਮਨੁਖ ਨੂੰ ਅਪਨਾ ਧਰਮ ਕਰਮ ਕਰਨ ਦੀ ਪੂਰਨ ਖੁਲ੍ਹ ਹੈ। ਇਸੇ ਲੜੀ ਹੇਠ ਗੁਰੂ ਜੀ ਦਾ 'ਕੁਠਾ' ਖਾਣ ਦਾ ਹੁਕਮ ਸੀ। ਕਿਉਂਕਿ ਹਲਾਲ ਕੀਤਾ ਮਾਸ ਖਾਣਾ ਆਮ ਪ੍ਰਚਲਤ ਹੋ ਗਿਆ ਸੀ ਜੋ ਗੈਰ ਮੁਸਲਮ ਸਮਾਜ ਦੇ ਸਵੈਮਾਨ ਨੂੰ ਇਕ ਵਡਾ ਚੈਲੰਜ ਸੀ, ਗੁਰੂ ਜੀ ਨੇ ਕੁਠਾ ਖਾਣ ਦੇ ਵਿਰੁਧ ਵਡੀ ਸਖਤੀ ਨਾਲ ਕਦਮ ਉਠਾਇਆ ਅਤੇ ਹੁਕਮ ਦਿਤਾ ਕਿ ਕੁਠਾ ਖਾਣ ਵਾਲਾ ਮੇਰਾ ਸਿੰਘ ਨਹੀਂ ਰਹਿ ਸਕੇਗਾ, ਜਿਸ ਦਾ ਨਿਰੋਲ ਭਾਵ ਇਹੋ ਸੀ ਕਿ ਸਿਖ ਨੂੰ ਆਪਣੀ ਸੁਤੰਤਰ ਹੋਂਦ ਅਤੇ ਅਣਖੀਲੇ ਜੀਵਨ ਦਾ ਮਦਾ ਪਾਸ ਹਣਾ ਜ਼ਰੂਰੀ ਹੈ। ਖਾਲਸੇ ਦੀ ਅਣਖ ਖਾਲਸੇ ਦਾ ਜੀਵਨ ਹੈ। ਜੇਕਰ ਸਿੰਘ ਦੇ ਅੰਦਰ ਸਿਖੀ ਦੀ ਅਣਖ ਨਹੀਂ ਤਾਂ ਉਹ ਸਿੰਘ ਨਹੀਂ। ਅਜ ਭਾਵੇਂ ਮੁਸਲਮਾਨੀ ਰਾਜ ਨਹੀਂ ਰਿਹਾ ਪਰ ਕੁਠਾ ਨਾ ਖਾਣ ਦੇ ਅਸੂਲ ਦੀ ਦ੍ਰਿੜਤਾ ਸਿੰਘ ਨੂੰ ਅਣਖੀਲੇ ਜੀਵਣ ਜੀਉਣ ਲਈ ਅਜ ਭੀ ਟੁੰਬਦੀ ਹੈ।

ਸੰਨ ੧੯੪੮ ਵਿਚ ਜਦੋਂ ਪਾਕਿਸਤਾਨ ਬਣੇ ਨੂੰ ਹਾਲੇ ਇਕ ਸਾਲ ਨਹੀਂ ਹੋਇਆ ਸੀ, ਨਵਾਬ ਮਮਦੋਟ ਵਲੋਂ ਲਾਹੌਰ ਸ਼ਹਿਰ ਵਿਚ ਇਕ ਖਾਣਾ ਕੀਤਾ ਗਿਆ ਜਿਸ ਵਿਚ ੨੫੦ ਦੇ ਕਰੀਬ ਆਦਮੀ ਬੁਲਾਏ ਗਏ ਸਨ। ਸ: ਸੰਪੂਰਨ ਸਿੰਘ ਜੋ ਉਸ ਸਮੇਂ ਭਾਰਤ ਵਲੋਂ ਲਹੌਰ ਵਿਚ ਡਿਪਟੀ ਹਾਈ ਕਮਿਸ਼ਨਰ ਦੇ ਔਹਦੇ ਤੇ ਲਗੇ ਹੋਏ ਸਨ ਭੀ ਇਸ ਖਾਣੇ ਤੇ ਬੁਲਾਏ ਗਏ ਹੋਏ ਸਨ। ਜਦੋਂ ਸਾਰੇ ਮਹਿਮਾਨ ਖਾਣੇ ਲਈ ਬੈਠ ਗਏ ਅਤੇ ਖਾਣਾ ਸ਼ੁਰੂ ਹੋਇਆ ਤਾਂ ਨਵਾਬ ਨੇ ਸ: ਸੰਪੂਰਨ ਸਿੰਘ ਨੂੰ ਪੁਛਿਆ :

'ਸਰਦਾਰ ਸਾਹਿਬ, ਆਪ ਹਲਾਲ ਖਾਓਗੇ ?''

ਸਰਦਾਰ ਸੰਪੂਰਨ ਸਿੰਘ 'ਨਹੀਂ ਹਰਗਿਜ ਨਹੀਂ, ਤੁਹਾਨੂੰ ਪਤਾ ਨਹੀਂ ਕਿ ਮੈਂ ਸਿਖ ਹਾਂ ?' ਨਵਾਬ ਮਮਦੋਟ ਨੇ ਠੰਡਾ ਸਾਹ ਭਰਿਆ ਤੇ ਕਿਹਾ :

'ਇਹ ਤੁਹਾਡੀ ਇਸ ਦਲੇਰੀ ਦਾ ਸਦਕਾ ਹੈ ਕਿ ਸਾਡਾ (ਪਾਕਿਸਤਾਨੀ) ਝੰਡਾ ਦਿੱਲੀ ਦੇ ਲਾਲ ਕਿਲੇ ਉਪਰ ਨਹੀਂ ਝੁਲ ਸਕਿਆ।'

ਪਾਠਕ ਇਸ ਛੋਟੇ ਜੇਹੇ ਵਾਕਿਆ ਤੋਂ ਸਮਝ ਜਾਣਗੇ ਕਿ ਕੁਠਾ ਨਾ ਖਾਣ ਦੇ ਅਸੂਲ ਬਾਰੇ ਸਿੰਘਾਂ ਦੀ ਦ੍ਰਿੜਤਾ ਅਜ ਭੀ ਸਿੰਘ ਦੀ ਅਣਖ ਨੂੰ ਉਸੇ ਤਰਾਂ ਟੁੰਬਦੀ ਹੈ ਅਤੇ ਉਸ ਨੂੰ ਹਮੇਸ਼ਾਂ ਅਣਖੀਲੇ ਜੀਵਣ ਜੀਊਣ ਦੀ ਪਰੇਰਨਾ ਦੇਂਦੀ ਰਹੇਗੀ।

ਕੋਈ ਸਿਖ ਜਾਂ ਭਾਰਤਵਾਸੀ ਹਿੰਦੂ ਕੁਠਾ ਖਾਣ ਨੂੰ ਇਸ ਹੱਦ ਤਕ ਵਰਜਨ ਦੀ ਮਹੱਤਤਾ ਨੂੰ ਅਨੁਭਵ ਕਰੇ ਜਾ ਨਾ, ਪਰ ਇਕ ਜ਼ਿਮੇਵਾਰ ਮੁਸਲਮਾਨ ਦੇ ਮਨ ਉਤੇ ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲ ਦੀ ਦੂਰਦਰਸੀ ਦਾ ਕਿਤਨਾ ਪ੍ਰਭਾਵ ਹੈ, ਇਹ ਨਵਾਬ ਮਮਦੋਟ ਦੇ ਸ਼ਬਦ ਦਸ ਰਹੇ ਸਨ।

ਸਾਡੇ ਬਹੁਤ ਸਾਰੇ ਵੀਰ ਅਜ ਕਲ ਇਸ ਵਲੋਂ ਅਵੇਸਲੇ ਹੁੰਦੇ ਜਾ ਰਹੇ ਹਨ, ਉਨ੍ਹਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਸਿੰਘ ਦੇ ਸਵੈਮਾਨ ਤੇ ਅਣਖ ਨੂੰ ਤਾਜ਼ਾ ਰਖਣ ਲਈ ਗੁਰੂ ਜੀ ਦੇ ਇਸ ਹੁਕਮ ਦੀ ਪਾਲਨਾ ਕਿਤਨੀ ਜ਼ਰੂਰੀ ਹੈ।

ਜਿਸ ਕਰਤਵ ਦੇ ਕਰਨ ਤੋਂ ਕੋਈ ਅਸੂਲ ਭੰਗ ਹੁੰਦਾ ਹੈ ਉਸ ਦੇ ਕਰਨ ਤੋਂ ਦਲੇਰੀ ਨਾਲ ਕੀਤੀ ਹੋਈ 'ਨਾਹ' ਜ਼ਾਹਿਰ ਕਰਦੀ ਹੈ ਕਿ ਨਾਹ ਕਰਨ ਵਾਲਾ ਕਿਤਨੇ ਦ੍ਰਿੜ ਅਤੇ ਉਚੇ ਇਖਲਾਕ ਦਾ ਮਾਲਕ ਹੈ।

(੪) ਤੰਬਾਕੂ ਦੀ ਵਰਤੋਂ ਸੇਹਤ ਲਈ ਵੈਸੇ ਹੀ ਹਾਨੀਕਾਰਕ ਹੈ ਪ੍ਰੰਤੂ ਖਾਲਸਾ ਸੰਗਠਨ ਵਿਚ ਪੁਜੇ ਮਨੁਖਾਂ ਲਈ ਤਾਂ ਸਪਸ਼ਟ ਹੁਕਮ ਹੈ ਕਿ ਇਸ ਦੀ ਵਰਤੋਂ ਮੂਲੋਂ ਨਹੀਂ ਕਰਨੀ :

'ਜਬ ਲਗ ਕਉਤਾ ਧਾਮ ਨਾ ਪੀਓ—ਤਬ ਲਗ ਸਤਿਗੁਰ ਸਭ ਕੁਛ ਦੀਓ।

ਸੂਰਜ ਪਰਕਾਸ਼

ਸਿਖ ਰਹਿਤਨਾਮੇ ਅੰਦਰ ਭਾਈ ਦੇਸਾ ਸਿੰਘ ਜੀ ਲਿਖਦੇ ਹਨ :

'ਕੁਠਾ ਹੁੱਕਾ ਚਰਸ ਤਮਾਕੂ - ਗਾਂਜਾ ਟੋਪੀ ਤਾੜੀ ਖਾਕੂ

ਇਨ ਕੀ ਓਰ ਨ ਕਬਹੂ ਦੇਖੈ—ਰਹਤਵੰਤ ਸੋ ਸਿੰਘ ਵਿਸੇਖੈ'

ਤੰਬਾਕੂ ਦੀ ਵਰਤੋਂ ਵਿਰੁਧ ਗੁਰੂ ਜੀ ਦਾ ਇੰਨਾ ਸਖਤ ਹੁਕਮ ਇਹ ਦਸਦਾ ਹੈ ਕਿ ਕਿਸੇ ਪ੍ਰਚਲਤ ਵਿਦੱਤ ਨੂੰ ਰੋਕ ਦੇਣ ਲਈ ਆਪ ਕਿਤਨਾ ਦ੍ਰਿੜ ਇਰਾਦਾ ਰਖਦੇ ਸਨ। ਗੁਰੂ ਜੀ ਦੇ ਸਮੇਂ ਤੋਂ ਸੌ ਕੁ ਸਾਲ ਪਹਿਲੋਂ ਪੁਰਤਗਾਲੀ ਲੋਕ ਤੰਬਾਕੂ ਲਿਆਏ ਸਨ। ਅਕਬਰ ਬਾਦਸ਼ਾਹ ਨੇ ਇਸ ਨੂੰ ਦੇਸ ਵਿਚ ਪ੍ਰਚੱਲਤ ਹੋਣ ਤੋਂ ਰੋਕਣ ਦੇ ਸਾਧਨ ਭੀ ਕੀਤੇ ਸਨ ਪ੍ਰੰਤੂ ਉਸ ਤੋਂ ਪਿਛੋਂ ਇਸ ਦਾ ਪਰਚਾ ਬਹਤ ਹੋ ਗਿਆ। ਗੁਰੂ ਤੇਗ ਬਹਾਦਰ ਜੀ ਨੇ ਇਸ ਨੂੰ ਇਕ ਬੁਰੀ ਵਿਦੱਤ ਜਾਣ ਕੇ ਸਿਖਾਂ ਨੂੰ ਇਸ ਤੋਂ ਬਚੇ ਰਹਿਣ ਲਈ ਹੁਕਮ ਦਿਤਾ ਸੀ। ਦਸਮੇਸ਼ ਜੀ ਨੇ ਇਸ ਦਾ ਵਰਤਨਾ ਬਜੱਰ ਕੁਰਹਿਤ ਦਸ ਕੇ ਸਿਖਾਂ ਨੂੰ ਇਹ ਦ੍ਰਿੜ ਕਰਾਇਆ ਕਿ ਕੋਈ ਭੀ ਐਸੀ ਚੀਜ਼ ਜੋ ਇਕ ਵਿਦੱਤ ਦਾ ਰੂਪ ਲੈ ਸਕਦੀ ਹੈ ਮਨੁਖ ਲਈ ਹਾਨੀਕਾਰਕ ਹੈ ਇਸ ਤੋਂ ਬਚਣਾ ਮਨੁਖ ਦਾ ਜ਼ਰੂਰੀ ਫਰਜ਼ ਹੈ। ਅਜੇਹੇ ਹੁਕਮ ਸਮੇਂ ੨ ਆਪ ਤੋਂ ਪਹਿਲੋਂ ਭੀ ਗੁਰੂ ਜੀ ਵਲੋਂ ਦਿਤੇ ਜਾਂਦੇ ਰਹੇ। ਵੇਖੋ ਸ਼ਰਾਬ ਬਾਰੇ ਬਿਹਾਗੜਾ ਵਾਰ ਅੰਦਰ ਸਲੋਕ ਮਹਲਾ ੩

'ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ
ਜਿਤੁ ਪੀਤੈ ਮਤਿ ਦੂਰ ਹੋਇ ਬਰਲੁ ਪਵੈ ਵਿਚਿ ਆਇ
ਆਪਣਾ ਪਰਾਇਆ ਨਾ ਪਛਾਣਈ ਖਸਮਹੁ ਧਕੇ ਖਾਇ
ਜਿਤੁ ਪੀਤੈ ਖਸਮ ਵਿਸਰੈ ਦਰਗਹਿ ਮਿਲੈ ਸਜਾਇ
ਝੂਠਾ ਮਦੁ ਮੂਲਿ ਨਾ ਪੀਚਈ ਜੇ ਕਾ ਪਾਰ ਵਸਾਇ'

ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਇਕ ਪੂਰਨ ਮਨੁਖ ਦਾ ਰੂਪ ਦੇਣਾ ਚਾਹੁੰਦੇ ਸਨ, ਸੋ ਆਪ ਨੇ ਆਗਿਆ ਕੀਤੀ ਕਿ ਤੰਬਾਕੂ ਆਦਿ ਵਿਦੱਤਾਂ ਦਾ ਸ਼ਿਕਾਰ ਹੋ ਜਾਣ ਵਾਲਾ ਮਨੁਖ ਖਾਲਸਾ ਨਹੀਂ ਹੋ ਸਕਦਾ।

ਉਕਤ ਬੰਦਸ਼ਾਂ ਤੋਂ ਇਲਾਵਾ ਖਾਲਸਾ ਸੰਗਠਨ ਦੀ ਨਿਯਮਾਵਲੀ ਅੰਦਰ ਸਿੰਘ ਦੀ ਬਾਹਰਮੁਖੀ ਸ਼ਕਲ ਨੂੰ ਗੁਰੂ ਵਰਗੀ ਬਨਾਉਣ ਲਈ ਪੰਜ ਕਕਾਰ ਅਥਵਾ ਕੇਸ ਕ੍ਰਿਪਾਨ. ਕੰਘਾ, ਕੜਾ, ਕਛਹਿਰਾ ਦਾ ਰਖਨਾ ਜ਼ਰੂਰੀ ਕੀਤਾ ਗਿਆ ਇਸ ਬਾਹਰ ਮੁਖੀ ਰੂਪ ਦੀ ਮਹੱਤਤਾ ਬਾਰੇ ਪ੍ਰੋ: ਨਰੈਣ ਸਿੰਘ ਜੀ ਅਪਨੀ ਅੰਗ੍ਰੇਜ਼ੀ ਦੀ ਪੁਸਤਕ Guru Nank Re-interpreted ਦੇ ਤੀਜੇ ਕਾਂਡ ਅੰਦਰ ਇਉਂ ਲਿਖਦੇ ਹਨ : ਖਾਲਸਈ ਰਹਿਤ (ਕੇਸ ਕ੍ਰਿਪਾਨ, ਕੜਾ ਕੰਘਾ ਤੇ ਕਛਹਿਰਾ) ਸਿਖ ਨੂੰ ਗੁਰੂ ਗੋਬਿੰਦ ਸਿੰਘ ਦਾ ਰੂਪ ਦੇ ਦੇਂਦੀ ਸੀ ਜਿਸ ਦਾ ਭਾਵ ਇਹ ਸੀ ਕਿ ਸਿਖ ਮਨ ਬਚਨ ਅਤੇ ਕਰਮ ਕਰਕੇ ਵੀ ਗੁਰੂ ਜੈਸਾ ਬਣੇ ਜਿਵੇਂ ਰੂਪ ਕਰਕੇ ਸੀ।

'ਖਾਲਸਾ ਮੇਰੋ ਰੂਪ ਹੈ ਖਾਸ—ਖਾਲਸੇ ਮਹਿ ਹਉ ਕਰਉ ਨਿਵਾਸ'

ਦਾ ਭਾਵ ਖਾਲਸੇ ਦਾ ਅੰਤਰ ਅਤੇ ਬਾਹਰਮੁਖੀ ਰੂਪ ਗੁਰੂ ਜਿਹਾ ਹੋਣ ਦਾ ਸੀ ਤਾਂ ਕਿ ਖ਼ਾਲਸਾ ਆਪਨੇ ਰੂਪ ਨੂੰ ਵੇਖ ਗੁਰੂ ਦਾ ਰੂਪ ਅਨੁਭਵ ਕਰੇ ਅਤੇ ਇਹ ਰੂਪ ਉਸ ਦੇ ਅੰਦਰ ਆਤਮਕ ਤੌਰ ਭੀ ਗੁਰੂ ਵਰਗਾ ਬਨਣ ਦੀ ਉਤਕੰਠਾ ਪੈਦਾ ਕਰੇ। ਮਨੁਖ ਦੇ ਅੰਦਰ ਅਪਨੇ ਚੇਹਰੇ ਮੋਹਰੇ ਦੀ ਵਡੀ ਸ਼ਰਮ ਹੁੰਦੀ ਹੈ ਜਿਸ ਸ਼ਰਮ ਸਦਕਾ ਉਹ ਕਿਸੇ ਅਜੇਹੇ ਕੰਮ ਕਰਨ ਤੋਂ ਝਿਜਕਦਾ ਹੈ ਜੋ ਉਸ ਦੇ ਦਿਸਦੇ ਸਰੂਪ ਦੇ ਅਨੁਕੂਲ ਨਾ ਹੋਵੇ। ਇਹੋ ਗੁਰੂ ਵਰਗੇ ਰੂਪ ਦੀ ਹੀ ਸ਼ਰਮ ਸੀ ਜਿਸਨੇ ਭਾਈ ਜੋਗਾ ਸਿੰਘ ਦੇ ਆਚਰਨ ਦੀ ਰਾਖੀ ਕੀਤੀ। ਲੋਕ ਲਾਜ ਮਨੁਖ ਨੂੰ ਮਜਬੂਰ ਕਰਿਆ ਕਰਦੀ ਹੈ ਕਿ ਉਹ ਅਪਨੇ ਭੇਖ ਤਥਾ ਸਰੂਪ ਅੰਦਰਲੀ ਸਚਾਈ ਨੂੰ ਹਥੋਂ ਨਾ ਦੇਵੇ।

ਪ੍ਰੰਤੂ ਜੇ ਕਰ ਸਿੰਘ ਦੀ ਰਹਿਤ ਉਸ ਨੂੰ ਗੁਰੂ ਵਰਗੇ ਕਰਮ ਕਰਨ ਦੀ ਪਰੇਰਨਾ ਨਹੀਂ ਦੇਂਦੀ ਤਾਂ ਉਸ ਦੀ ਰਹਿਤ ਕੇਵਲ ਚਿੰਨ੍ਹ ਮਾਤਰ ਹੀ ਹੈ ਜਿਸ ਦੇ ਕੁਝ ਅਰਥ ਨਹੀਂ। ਬਾਹਰਮੁਖੀ ਚਿੰਨ੍ਹਾਂ ਅਤੇ ਆਤਮਕ ਜੀਵਨ ਦਾ ਆਪੋ ਵਿਚ ਉਹੀ ਸੰਬੰਧ ਹੈ ਜੋ ਕਿਸੇ ਸ਼ਬਦ ਅਤੇ ਸ਼ਬਦ ਦੇ ਅਰਥ ਦਾ ਹੈ ਜਾਂ ਨੇਤਰਾਂ ਤੋਂ ਚਲਦੇ ਹੰਝੂਆਂ ਦਾ ਦਿਲ ਦੇ ਅੰਦਰਲੇ ਗ਼ਮ ਨਾਲ ਹੈ।

ਨਿਰਾਰਥਕ ਸ਼ਬਦ ਬੋਲਣ ਨਾਲ ਜਿਸ ਤਰ੍ਹਾਂ ਕੋਈ ਕਾਜ ਨਹੀਂ ਸਰਦਾ ਜਾਂ ਵਿਖਾਵੇ ਦੇ ਹੰਝੂ ਜਿਸ ਤਰ੍ਹਾਂ ਅੰਦਰਲੇ ਦੁਖ ਪ੍ਰਗਟ ਕਰਨ ਦੇ ਸਮਰਥ ਨਹੀਂ ਹੋ ਸਕਦੇ, ਇਸੇ ਤਰ੍ਹਾਂ ਨਿਰੀ ਵਿਖਾਵੇ ਵਾਲੀ ਰਹਿਤ ਮਨੁਖ ਨੂੰ ਧਰਮੀ ਨਹੀਂ ਬਣਾ

ਸਕਦੀ। ਨਿਰੀ ਵਿਖਾਵੇ ਦੀ ਸ਼ਕਲ ਰਖਣ ਵਾਲੇ ਦੀ ਓਹੀ ਦਸ਼ਾ ਹੁੰਦੀ ਹੈ ਜੋ ਇਕ ਖੋਤੇ ਜਿਸ ਨੂੰ ਸ਼ੇਰ ਦੀ ਖੱਲ ਪਹਿਨਾ ਦਿਤੀ ਜਾਵੇ, ਦੀ ਹੁੰਦੀ ਹੈ। ਇਸ ਲਈ ਇਕ ਰਹਿਤ ਵਾਨ ਸਿੰਘ ਲਈ ਜ਼ਰੂਰੀ ਹੈ ਕਿ ਉਸਦਾ ਸਮੁਚਾ ਜੀਵਨ ਉਸ ਗੁਰੂ ਦੀ ਸ਼ਖਸੀਅਤ ਦੇ ਅਨਕੂਲ ਹੋਵੇ ਜਿਸ ਦੀ ਰਹਿਣੀ ਨੂੰ ਉਸ ਨੇ ਅਪਨਾਇਆ ਹੈ। ਬਾਹਰ ਮੁਖੀ ਰਹਿਤ ਅਤੇ ਅੰਦਰਲੀ ਰਹਿਣੀ ਦਾ ਬਹੁਤ ਨਿਘਾ ਸੰਬੰਧ ਹੋਣਾ ਚਾਹੀਦਾ ਹੈ।

ਇਸ ਬਾਹਰ ਮੁਖੀ ਰਹਿਤ ਨੇ ਜਿਥੇ ਸਮੂਹ ਖਾਲਸੇ ਨੂੰ ਆਪਸ ਵਿਚ ਇਕ ਦੂਜੇ ਦੇ ਬਹੁਤ ਨੇੜੇ ਲੈ ਆਂਦਾ ਅਤੇ ਇਨਾਂ ਨੂੰ ਕੌਮ ਦਾ ਰੂਪ ਦੇ ਦਿਤਾ, ਉਥੇ ਇਨ੍ਹਾਂ ਦੇ ਅੰਦਰ ਇਕ ਨਿਆਰਾ-ਪਨ ਲੈ ਆਂਦਾ। ਇਹ ਨਿਆਰਾਪਨ (Distinctiveness) ਤਾਂ ਜ਼ਰੂਰ ਸੀ ਪਰੰਤੂ ਵਖਰੇਵਾਂ (exclusiveness) ਨਹੀਂ ਸੀ। ਇਸ ਨਿਆਰੇ ਰੂਪ ਅੰਦਰ ਇਹ ਇਕ ਸੰਗਠਨ ਵਿਚ ਜੁੜੇ ਹੋਏ ਉਹ ਲਕ ਸਨ ਜੋ ਵਾਹਿਗੁਰੂ ਦੀ ਏਕਤਾ ਅਤੇ ਮਨੁਖ ਦੀ ਸਾਂਝੀਵਾਲਤਾ ਦੇ ਮੁਦਈ ਸਨ। ਉਹ ਆਪਨੇ ਨਿਆਰੇ ਵਿਸ਼ਵਾਸ਼ ਦੁਆਰਾ ਲੋਕਾਂ ਅੰਦਰੋਂ ਵਖਰੇ ੨ ਬਣ ਕੇ ਰਹਿਣ ਦਾ ਭਿੰਨ ਭੇਦ ਮਿਟਾਉਣ ਲਈ ਆਪਸ ਵਿਚ ਜੁੜੇ ਸਨ। ਉਨ੍ਹਾਂ ਦਾ ਆਪਸ ਵਿਚ ਜੁੜਨਾ ਦੂਸਰੇ ਲੋਕਾਂ ਨਾਲੋਂ ਵਖਰਾ ਹੋਣਾ ਨਹੀਂ ਸੀ ਸਗੋਂ ਇਹ ਸਾਂਝੀਵਾਲਤਾ ਦਾ ਜੁਟ ਸਭ ਲੋਕਾਂ ਨੂੰ ਆਪਨੇ ਨਾਲ ਅਭੇਦ ਕਰ ਲੈਣ ਲਈ ਅਤੇ ਵਡੇ ਛੋਟੇ, ਊਚ ਨੀਚ, ਅਮੀਰ ਗਰੀਬ ਸਭ ਨੂੰ ਆਪਨੇ ਵਿਚ ਸਮਾ ਲੈਣ ਲਈ ਸੀ।

ਅਜੇਹੇ ਵਿਸ਼ੇਸ਼ਨਾਵਾਂ ਵਾਲੇ ਲੋਕਾਂ ਦਾ, ਸਮੇਂ ਦੀਆਂ ਪਰਚੱਲਤ ਵਿਚਾਰਧਾਰਾਂ ਵਾਲੇ ਸਮਾਜ ਅੰਦਰ ਸਮਾ ਜਾਣਾ (absorption) ਸਭਵ ਨਹੀਂ ਸੀ ਕਿਉਂਕਿ ਇਨਾਂ ਵਿਚਾਲੇ ਬੁਨਿਆਦੀ ਮਤ ਭੇਦ ਸਨ। ਇਸ ਲਈ ਗੁਰੂ ਜੀ ਨੇ ਨਿਆਰੇ ਖਾਲਸਾ ਰੂਪ ਜਿਸ ਦੀ ਉਸਾਰੀ ਸਵਾ ਦੋ ਸੌ ਸਾਲ ਪਹਿਲਾਂ ਤੋਂ ਅਰੰਭੀ ਗਈ ਸੀ ਦੀ ਸਥਾਪਤੀ ਕਰਕੇ ਸਾਰੁਚੇ ਸਮਾਜ ਨੂੰ ਇਸ ਅੰਦਰ ਸਮਾ ਲੈਣ ਦੀ ਸ਼ਕਤੀ ਪ੍ਰਦਾਨ ਤੇ ਸੁਚੱਜੀ ਵਿਉਂਤ ਕੀਤੀ ਅਤੇ ਸਭ ਕਿਸੇ ਨੂੰ ਇਸ ਦੇ ਨਿਆਰੇ ਪ੍ਰੰਤੂ ਸਭ ਨਾਲ ਸਾਂਝ ਦ੍ਰਿੜ ਕਰਾਉਣ ਵਾਲੇ ਗੁਣ ਗ੍ਰਹਿਨ ਕਰਕੇ ਇਸ ਵਿਚ ਸਮਾ ਲੈਣ ਦੀ ਦਾਵਤ ਦਿਤੀ।

ਇਹ ਲੋਕ ਦੁਨੀਆਂ ਤੋਂ ਨਿਆਰੇ ਸਨ ਪ੍ਰੰਤੂ ਇਨਾਂ ਦਾ ਨਿਆਰਾਪਨ ਨਿਰਾ ਰੂਪ, ਕਰਕੇ ਨਹੀਂ ਸੀ ਬਲਕਿ ਇਨ੍ਹਾਂ ਦਾ ਨਿਆਰਾਪਨ ਇਨਾਂ ਦੇ ਨਿਤਾ ਪ੍ਰਤ ਦੇ ਜੀਵਣ ਵਿਚ ਸੀ ਇਨਾਂ ਦੇ ਆਚਰਨ ਵਿਚ ਸੀ, ਇਨਾਂ ਦੀ ਕਥਨੀ ਕਰਨੀ ਤੇ ਰਹਿਣੀ ਵਿਚ ਸੀ, ਇਹ ਰਾਜ ਜੋਗੀ ਸਨ, ਇਹ ਨਿਰਲੇਪ ਗ੍ਰਹਸਥੀ ਸਨ, ਇਹ ਸ਼ਸਤਰਧਾਰੀ ਭਗਤ ਸਨ, ਇਹ ਨਾਮ ਰਸੀਏ ਸੂਰਮੇ ਸਨ, ਮੌਤ ਇਨਾ ਲਈ ਜੀਵਨ ਅਤੇ ਦੁਖ ਦਾਰੂ ਸੀ, ਇਹ ਦੀਨ ਦੁਖੀ ਤੇ ਅਬਲਾ ਦਾ ਸਹਾਰਾ ਸਨ, ਇਨ੍ਹਾਂ ਦਾ ਧਨ ਧਾਮ [illegible] ਖੂਹ ਦਾ ਸੀ, ਇਹ ਧਰਮ ਦੀ ਕਿਰਤ ਕਰਕੇ ਵੰਡ ਛਕਦੇ ਸਨ, ਇਹ ਸਰਬਤ ਦੇ ਭਲੇ ਵਿਚ ਅਪਨਾ ਭਲਾ ਲਭਦੇ ਸਨ, ਦਾ ਜੀਉਣਾ ਮਰਨਾ ਮਨੁਖਤਾ ਲਈ ਸੀ ਇਨਾਂ ਨੂੰ ਆਉਂਦੇ ਤੱਕ ਮਜ਼ਲੂਮ ਨੂੰ ਜਾਨ ਪੈਂਦੀ ਅਤੇ ਜ਼ਾਲਮ ਭੈ ਖਾਂਦਾ ਸੀ, ਮੁਸੀਬਤ ਵਿਚ ਘਿਰੀ ਅਬਲਾ ਇਸਤਰੀ ਲਈ ਇਨਾਂ ਦਾ ਆਉਣਾ ਸਕੇ ਵੀਰ ਦੇ ਬਹੁੜਨ ਤੁੱਲ ਸੀ ਪਰ-ਇਸਤਰੀ ਨੂੰ ਇਹ ਧੀ ਭੈਣ ਸਮਝਦੇ ਅਤ ਪਰਾਏ ਮਾਲ ਨੂੰ ਅਤੇ ਪੂਜਾ ਦੇ ਧਾਨ ਨੂੰ ਇਹ 'ਵਿਹੁ ਖੰਡੂ ਪਾਜ' ਜਾਣਦੇ ਸਨ :

ਇਹ ਸੀ ਇਨਾਂ ਦਾ ਨਿਆਰਾਪਨ ਜਿਸ ਦੀ ਪਛਾਣ 'ਸ਼ਾਬਤ ਸੂਰਤ ਦਸਤਾਰ ਸਿਰਾ,' ਤੋਂ ਕੀਤੀ ਜਾਂਦੀ ਸੀ। ਅਜੇਹੇ ਖਾਲਸੇ ਵਾਸਤੇ ਹੀ ਹਜ਼ੂਰ ਨੇ ਫਰਮਾਇਆ ਸੀ :

ਜਬ ਲਗ ਰਹੇ ਖਾਲਸਾ ਨਿਆਰੋ
ਤਬ ਲਗ ਤੇਜ ਦੀਆ ਮੈਂ ਸਾਰੋ

ਖਾਲਸੇ ਦੇ ਇਸ ਨਿਆਰਾਪਨ ਨੂੰ ਕਾਜ਼ੀ ਨੂਰ ਮੁਹੰਮਦ ਨੇ ਸੰਨ ੧੭੬੫ ਵਿਚ ਆਪਨੇ ਕੁਰਖਤ ਸ਼ਬਦਾਂ ਵਿਚ ਇਉਂ ਵਰਨਿਆ ਸੀ :

'ਰਸੂਮਾਤਿ ਏਸ਼ਾਂ ਜ਼ਿ ਨਾਨਕ ਫਜ਼ੂੰਦ,
ਜੁਦਾਗਾਨਾ ਰਾਹੇ ਬਾ ਸਿਖਾ ਨਮੂਦ.........
ਅਜ਼ੀ ਹਿੰਦੂਆਂ ਨੇਸਤੰਦ ਈਂ ਸਗਾਂ
ਜੁਦਾਗਾਨਾ ਰਾਹੇਸਤ ਈਂ ਬਦਰਗਾਂ।'

ਉਨ੍ਹਾਂ (ਸਿਖਾਂ) ਦੇ ਤਮਾਮ ਰਿਵਾਜ [illegible] ਨਾਨਕ ਤੋਂ ਤੁਰਦੇ ਹਨ, ਜਿਸ ਨੇ ਸਿਖਾਂ ਨੂੰ ਨਿਆਰਾ ਰਸਤਾ ਵਿਖਾਇਆ...ਇਹ [illegible] ਹਿੰਦੂਆਂ ਵਿਚੋਂ ਨਹੀਂ ਹਨ, ਇਨਾਂ

ਬਦਕਾਰਾਂ ਦਾ ਰਾਹ ਨਿਆਰਾ ਹੈ। ਇਸ ਨਿਆਰਾਪਨ ਨੂੰ ਕਾਇਮ ਰਖਣਾ ਖਾਲਸੇ ਦੀ ਹੋਂਦ ਲਈ ਅਤੀਅੰਤ ਜ਼ਰੂਰੀ ਹੈ। ਵਰਨਾਂ ਹਿੰਦੂ ਵਿਸ਼ਵਾਸ਼ ਦੀਆਂ ਵਿਸ਼ਾਲ ਰਸਮਾਂ ਰੀਤਾਂ ਦੇ ਗੋਰਖਧੰਧੇ ਅੰਦਰ ਇਹ ਐਸਾ ਉਲਝੇਗਾ ਕਿ ਇਸ ਵਿਚੋਂ ਨਿਕਲ ਸਕਨਾ ਇਸ ਦੇ ਲਈ ਨਾਮੁਮਕਨ ਹੋ ਜਾਇਗਾ। ਜਿਸ ਤਰਾਂ ਇਕ ਸਿਪਾਹੀ ਆਪਨੀ ਫੌਜੀ ਵਰਦੀ ਵਿਚ ਅਤੇ ਆਪਨੇ ਕਮਾਂਡਰ ਦੇ ਹੁਕਮ ਥੱਲੇ ਰਹਿੰਦਾ ਹੋਇਆ ਹਰ ਦੇਸ਼ ਵਾਸੀ ਦੇ ਸਨਮਾਨ ਦਾ ਪਾਤਰ ਹੁੰਦਾ ਹੈ ਪਰ ਜਦੋਂ ਉਹ ਵਰਦੀ ਉਤਾਰ ਕਮਾਂਡਰ ਦੇ ਹੁਕਮਾਂ ਦੇ ਘੇਰੇ ਚੋਂ ਬਾਹਰ ਹੋ ਜਨਤਾ ਦੇ ਘੜਮਸ ਅੰਦਰ ਜਾ ਵੜਦਾ ਹੈ ਤਾ ਉਸਦਾ ਫੌਜੀ ਹੋਣ ਵਾਲਾ ਵਿਸ਼ੇਸ਼ ਸਤਿਕਾਰ ਖਤਮ ਹੋ ਜਾਂਦਾ ਅਤੇ ਉਹ ਹੋਰ ਐਰ ਗੈਰ ਲੋਕਾਂ ਵਿਚ ਉਨ੍ਹਾਂ ਵਾਲਾ ਹੀ ਦਰਜਾ ਰਖਦਾ ਹੈ। ਇਉਂ ਹੀ ਗੁਰੂ ਗੋਬਿੰਦ ਸਿੰਘ ਦੀ ਬਖਸ਼ੀ ਨਿਆਰੀ ਰਹਿਣੀ ਤੇ ਰੂਪ ਨੂੰ ਤਿਆਗ ਕੇ ਹਿੰਦੂ ਮਹਾ ਸਾਗਰ ਅੰਦਰ ਗੁਰੂ ਕੇ ਸਿਖਾਂ ਦੀ ਦਸ਼ਾ ਹੋਵੇਗੀ। ਇਸ ਦੇਸ ਅੰਦਰ ਬੋਧੀ, ਜੈਨੀ ਵੈਸ਼ਨਵ, ਨਾਥ, ਜੋਗੀ, ਕਬੀਰ ਪੰਥੀ ਆਦਿ ਅਨੇਕ ਵਿਚਾਰ ਧਾਰਾਂ ਉਠੀਆਂ, ਪ੍ਰੰਤੂ ਹਿੰਦੂ ਮਹਾਸਾਗਰ ਦੇ ਬ੍ਰਹਿਮਣੀ ਪ੍ਰਭਾਵ ਨੇ ਇਨਾਂ ਸਭ ਨੂੰ ਆਪਨੇ ਅੰਦਰ ਸਮੇਟ ਲਿਆ, ਕਿਉਂਕਿ ਇਨਾਂ ਨੇ ਕਿਸੇ ਨ ਕਿਸੇ ਸ਼ਕਲ ਵਿਚ ਬ੍ਰਹਿਮਣੀ ਵਿਚਾਰਧਾਰਾ ਦਾ ਦਖਲ ਸਵੀਕਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਲਈ ਖਾਲਸੇ ਨੂੰ ਆਪਨਾ ਨਿਆਰਾਪਨ ਕਾਇਮ ਰਖਣ ਦੀ ਤਾਕੀਦ ਕੀਤੀ ਸੀ। ਸੋ ਖਾਲਸਾ ਜੋ ਸਿਖਰ ਹੈ ਗੁਰੂ ਨਾਨਕ ਦੇ ਦਸ ਜਾਮਿਆਂ ਅੰਦਰ ਕੀਤੀ ਉਸਾਰੀ ਦਾ ਅਤੇ ਇਨ ਬਿਨ ਸਰੂਪ ਹੈ ਉਸ ਜ਼ਹੂਰ ਦਾ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਵਾਹਿਗੁਰੂ ਵਲੋਂ ਬਖਸ਼ਸ਼ ਹੋਇਆ, ਅਪਨੇ ਅਸਲੇ ਨੂੰ ਤਾਂ ਹੀ ਸੁਰਖਿਅਤ ਰਖ ਸਕਦਾ ਹੈ ਜੇ ਕਰ ਇਹ ਆਪਨੇ ਰੂਪ ਅਤੇ ਰਹਿਣੀ ਨੂੰ ਸਥਿਰ ਰਖੇ। ਇਸ ਰੂਪ ਤੇ ਰਹਿਣੀ ਦੀ ਵਿਆਖਿਆ ਲਈ ਵੇਖੋ 'ਗੁਰੂ ਨਾਨਕ ਮਿਸ਼ਨ' ਲੜੀ ਦੇ ਟ੍ਰੈਕਟ।

ਗੁਰੂ ਨਾਨਕ ਮਿਸ਼ਨ

ਇਹ ਸੰਸਥਾ ਗੁਰਮਤਿ ਪ੍ਰਚਾਰ ਦੇ ਉਦੇਸ਼ ਨਾਲ ਸਥਾਪਤ ਹੋਈ ਹੈ। ਇਸ ਦਾ ਨਿਸ਼ਾਨਾ ਮਨੁਖੀ ਜੀਵਣ ਦੀ ਉਹ ਤਸਵੀਰ ਪੇਸ਼ ਕਰਨਾ ਹੈ, ਜੋ ਗੁਰੂ ਨਾਨਕ ਦੇਵ ਜੀ ਵਲੋਂ ਉਲੀਕੀ ਗਈ ਅਤੇ ਜੋ ਦਸਾਂ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਪੂਰਨ ਮਨੁਖ 'ਖਾਲਸਾ' ਰੂਪ ਵਿਚ ਸੰਸਾਰ ਦੇ ਸਾਮ੍ਹਣੇ ਆਈ। ਭਾਰਤ ਦੀਆਂ ਕੌਮੀ ਅਤੇ ਕੌਮਾਂਤਰੀ ਬੋਲੀਆਂ ਰਾਹੀਂ ਇਸ ਚਿੱਤਰ ਨੂੰ ਪੇਸ਼ ਕਰਨਾ ਗੁਰੂ ਨਾਨਕ ਮਿਸ਼ਨ ਦਾ ਮੰਤਵ ਹੈ। ਇਸ ਮਿਸ਼ਨ ਵਲੋਂ ਇਸ ਸੰਬੰਧ ਵਿਚ ਹੁਣ ਤਕ ੨੮ ਟ੍ਰੈਕਟ ਪ੍ਰਕਾਸ਼ਤ ਹੋ ਚੁਕੇ ਹਨ। ਇਸ ਲੜੀ ਦਾ ਪਹਿਲਾ ਟ੍ਰੈਕਟ 'ਮੈਂ ਸਿੱਖ ਕਿਉਂ ਹਾਂ?' (ਪੰਜਾਬੀ ਅਤੇ ਅੰਗਰੇਜ਼ੀ ਵਿਚ) ਸੀ ਜਿਸ ਦੀਆਂ ਚਾਰ ਅੈਡੀਸ਼ਨਸ ਛਪ ਚੁਕੀਆਂ ਹਨ। ਇਸ ਲੜੀ ਹੇਠ ਬਚਿਆਂ ਲਈ 'ਬਾਬਾਣੀਆਂ ਕਹਾਣੀਆਂ' ਪੰਜਾਬੀ ਵਿਚ ਪ੍ਰਕਾਸ਼ਤ ਹੁੰਦੀਆਂ ਹਨ। ਪੰਜਾਬੀ ਤੋਂ ਇਲਾਵਾ ਅੰਗ੍ਰੇਜ਼ੀ ਅਤੇ ਹਿੰਦੀ ਵਿਚ ਭੀ ਟ੍ਰੈਕਟ ਛਾਪੇ ਜਾਂਦੇ ਹਨ ਤਾਂਕਿ ਗੈਰ ਪੰਜਾਬੀ ਲੋਕ ਭੀ ਸਿਖ ਵਿਚਾਰਧਾਰਾ ਤੋਂ ਜਾਣੂ ਹੋ ਸਕਣ।

ਇਹ ਸਾਰੇ ਟ੍ਰੈਕਟ ਲਾਗਤ ਬਰਾਬਰ ਮੁੱਲ ਤੋਂ ਮਿਸ਼ਨ ਦੇ ਦਫਤਰ ਪਟਿਆਲਾ ਤੋਂ ਮਿਲ ਸਕਦੇ ਹਨ। ਪਕੇ ਗਾਹਕਾਂ ਨੂੰ ਪੰਜ ਰੁਪੈ ਸਾਲਾਨਾ ਚੰਦਾ ਲੈ ਕੇ ਇਹ ਟ੍ਰੈਕਟ ਮੁਫਤ ਭੇਜੇ ਜਾਂਦੇ ਹਨ ਪਰੰਤੂ ਗੁਰੂ ਨਾਨਕ ਮਿਸ਼ਨ ਦਾ ਲਾਈਫ ਮੈਂਬਰ ਬਣਨ ਲਈ ਇਕ ਵੇਰਾਂ ਚੰਦਾ ਕੇਵਲ ਇਕ ਸੌ ਰੁਪਿਆ ਹੈ।

ਸਕੱਤਰ

ਪ੍ਰਕਾਸ਼ਕ	ਪਹਿਲੀ ਵਾਰ ੫੦੦੦	ਛਾਪਕ
ਸਕੱਤਰ ਗੁਰੂ ਨਾਨਕ ਮਿਸ਼ਨ	ਦੂਜੀ ਵਾਰ ੪੦੦੦	ਆਰਮੀ ਪ੍ਰੈਸ
ਡੇਰਾ ਬਾਬਾ ਜੱਗਾ ਸਿੰਘ, ਪਟਿਆਲਾ	ਫਰਵਰੀ, ੧੯੬੮	ਪਟਿਆਲਾ